ੴ ਵਾਹਿਗੁਰੂ ਜੀ ਕੀ ਫਤਹਿ॥
(God is one all glory to Him)

ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ.(ਰਜਿਸਟ੍ਰਡ)

# THE NATIONAL SIKH RESOURCE CENTRE

8-10 FEATHERSTONE ROAD SOUTHALL, MIDDLESEX UB2 5AA
Phone: 020 8574 1902

## Annual General Body Meeting
## Sunday 5th September 2021 at 3.00pm



**Award of honour to SMS sewadars and memorial certificates to children were given at the 550th Parkash Utsav of Guru Nanak Dev Ji and 50th anniversary of the SIKH MISSIONARY SOCIETY UK**






**Free book stall at Khalsa Academy Stoke Poges Rag Darbar**




**Kirtan by SMS children at Guru Gobind Singh Ji Parkash Utsav**

ੴ ਵਾਹਿਗੁਰੂ ਜੀ ਕੀ ਫਤਹਿ ॥
(God is one. all glory to Him)
ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ.(ਰਜਿਸਟ੍ਰਡ)
The Sikh Missionary Society U.K.(Regd)
8–10 FEATHERSTONE ROAD SOUTHALL, MIDDLESEX, UB2 5AA
Web: www.sikhmissionarysociety.org e/mail: info@sikhmissionarysociety.org
Phone : 020 8574 1902 Charity Registration No 262404
॥ਸਿੱਖੀ ਦੇ ਪ੍ਰਚਾਰ ਲਈ ਮੈਂਬਰ ਬਣ ਕੇ ਸਹਿਯੋਗ ਦਿਓ ਜੀ॥

# Notice for the Annual General Body meeting

## Respected Members

Waheguru ji ka Khalsa

Notice for the Annual General Body meeting

Respected Members

Waheguru Ji Ka Khalsa
Waheguru ji Ki Fateh

You are respectfully reminded that the Society's next Annual General Body meeting will be held on Sunday 5$^{th}$ September 2021 at the Society's premises at 3pm. All members are cordially invited to attend the meeting and make their valuable contribution.
I also welcome you to join the grand opening ceremony of the new hall, the construction of which you approved in the last Annual General body meeting, on the same day as per the following programme.

| | |
|---|---|
| Aramb Sukhmani Sahib Path | 11am |
| Kirtan. | 12.30 |
| Ardas. | 1.00 pm |
| Guru ka Langar and Refreshments | 1.30 pm |
| Annual General Body meeting. | 3.00 pm |

## Agenda for the meeting.

1. Welcome and Apologies.
2. Minutes of the last meeting held in September 2019.
3. Hon. General Secretary Report.
4. Treasurer report.
5. Selection of Executive committee officebearers.
6. Approval for the Extension of the Trustees term by one year so that the selection of the committee members and the Trustees remain at alternate years. Last year, due to Coronavirus, the executive Committee term was extended and selection was postponed.
7. Report on events from September 2020 to September 2021
8. Approval to get loan from a bank.
9. A.O.B

## . Minutes of AGM 2019

### ਅੰਮ੍ਰਿਤਪਾਲ ਸਿੰਘ ਵਲੋਂ 2019 ਦੀ ਸਾਲਾਨਾ ਜਨਰਲ ਮੀਟਿੰਗ ਦੀ ਸੰਖੇਪ ਰਿਪੋਰਟ।

ਇਸ ਮੀਟਿੰਗ ਵਿੱਚ 42 ਮੈਂਬਰਾਂ ਨੇ ਹਾਜਰੀ ਭਰੀ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਓਪਰੰਤ ਸ. ਹਰਚਰਨ ਸਿੰਘ ਟਾਂਕ ਨੇ ਆਏ ਮੈਬਰਾਂ ਦਾ ਧੰਨਵਾਦ ਕੀਤਾ ਤੇ ਮੀਟਿੰਗ ਦੀ ਪ੍ਰਧਾਨਗੀ ਲਈ ਸ. ਅਵਤਾਰ ਸਿੰਘ ਬੁੱਟਰ ਜੀ ਨੂੰ ਬੇਨਤੀ ਕੀਤੀ ਜਿਨ੍ਹਾਂ ਨੇ ਮੀਟਿੰਗ ਦੀ ਆਰੰਭਤਾ ਲਈ ਆਗਿਆ ਲਈ।

1.Welcome & apologies. ਮਹਿੰਦਰ ਸਿੰਘ ਚਾਹਲ, ਕਾਬਲ ਸਿੰਘ ਸੋਢੀ, ਮੰਗਲ ਸਿੰਘ ਝੀਤਾ ਅਤੇ ਬੀਬੀ ਜਸਵਿੰਦਰ ਕੌਰ ਖਟੜਾ ਵਲੋਂ Apologies ਆਈਆਂ।

2 ਅਵਤਾਰ ਸਿੰਘ ਬੁੱਟਰ ਨੇ ਕਿਹਾ ਕਿ 2018 ਦੀ ਮੀਟਿੰਗ ਦੇ ਮਿਨਟਸ ਜੋ 2019 ਦੀ ਰਿਪੋਰਟ ਵਿੱਚ ਦਰਜ ਹਨ ਆਪ ਜੀ ਨੇ ਪੜ ਲਏ ਹੋਣਗੇ। ਇਸ ਬਾਰੇ ਜੇ ਕੋਈ ਗੱਲ ਪੁੱਛਣਾ ਚਾਹੁੰਦਾ ਹੈ ਤਾਂ ਦਸੇ। ਕਿਸੇ ਨੇ ਕੋਈ ਗੱਲ ਨਾ ਪੁੱਛੀ। ਮਿੰਨਟਸ ਪਾਸ ਕੀਤੇ ਗਏ।

## 3.ਸਾਲਾਨਾ ਰਿਪੋਰਟ।

ਅਵਤਾਰ ਸਿੰਘ ਬੁੱਟਰ ਨੇ ਕਿਹਾ ਕਿ 2019 /2020 ਦੀ ਸਾਲਾਨਾ ਰਿਪੋਰਟ ਤੇ ਆਪ ਜੀ ਕੋਈ ਸਵਾਲ ਪੁੱਛਣਾ ਚਾਹੁੰਦੇ ਹੋ ਤਾਂ ਹਰਚਰਨ ਸਿੰਘ ਟਾਂਕ ਜਵਾਬ ਦੇਣ ਗੇ। ਬਿਲਡਿੰਗ ਦੀ ਉਸਾਰੀ ਲਈ ਮੈਬਰਾਂ ਵਲੋਂ ਵੀਚਾਰ ਆਏ।

੧ ਸ. ਮਹਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਪੰਜਾਬੀ ਕਲਾਸਾਂ ਤੇ ਗੁਰਬਾਣੀ ਕਲਾਸਾਂ ਹੋਰ ਕਈ ਸੰਸਥਾਵਾਂ ਅਤੇ ਸਕੂਲਾਂ ਵਿੱਚ ਲਗਦੀਆਂ ਹਨ ਅਤੇ ਸੁਸਾਇਟੀ ਦੇ ਉਤੇ ਬਣੇ ਹੋਏ ਹਾਲ ਵਿੱਚ ਵੀ ਲਗਦੀਆਂ ਹਨ। ਇਸ ਲਈ ਸਾਨੂੰ ਕਿਸੇ ਉਸਾਰੀ ਦੀ ਜਰੂਰਤ ਨਹੀਂ ਹੈ।

੨.ਸ. ਹਰਬੰਸ ਸਿੰਘ ਕੁਲਾਰ ਨੇ ਇਕ ਮੀਟਿੰਗ ਦੀ ਫੋਟੋ ਕਾਪੀ ਦਰਸਾਉਂਦਿਆਂ ਕਿਹਾ ਕਿ ਜਦੋਂ 2018 ਵਿਚ ਕਮੇਟੀ ਮੈਂਬਰਾਂ ਪਾਸੋਂ ਬਿਲਡਿੰਗ ਦੀ ਉਸਾਰੀ ਲਈ ਸਲਾਹ ਲਈ ਗਈ ਤਾਂ ਸਾਰਿਆਂ ਨੇ ਹਾਮੀ ਭਰੀ ਸੀ। ਮੀਟਿੰਗ ਵਿੱਚ ਇਹ ਵੀ ਲਿਖਿਆ ਸੀ ਕਿ ਪਲੈਨਿੰਗ ਲਈ ਅਪਲਾਈ ਕੀਤਾ ਜਾਵੇ। ੩.ਸ.ਸਰਵਨ ਸਿੰਘ ਕੰਗ ਨੇ ਕਿਹਾ ਕਿ ਪੰਜਾਬੀ ਸਕੂਲ association ਪੰਜਾਬੀ ਭਾਸ਼ਾ ਨੂੰ ਪ੍ਰਮੋਟ ਕਰਨ ਲਈ ਹੀ ਬਣਾਈ ਹੈ। ਬੱਚਿਆਂ ਨੂੰ ਪੰਜਾਬੀ ਅਤੇ ਗੁਰਬਾਣੀ ਸਿਖਾਉਣੀ ਹਰ ਗੁਰਸਿੱਖ ਦਾ ਫਰਜ ਹੈ। ਬਿਲਡਿੰਗ ਉਸਾਰੀ ਲਈ ਮੇਰੀ ਸਹਿਮਤੀ ਨਹੀਂ ਪਰ ਪੰਜਾਬੀ, ਗੁਰਬਾਣੀ ਕਲਾਸਾਂ ਅਤੇ ਸੈਮੀਨਾਰਾਂ ਲਈ ਉਪਯੋਗੀ ਹੋਵੇਗੀ। ਸਾਡੇ ਪਾਸ ਪਲੈਨਿੰਗ ਪਾਸ ਹੋ ਕੇ ਆ ਗਈ ਹੈ ਸੋ ਆਪਸੀ ਵਿਤਕਰੇ ਛੱਡ ਕੇ ਪ੍ਰਾਜੈਕਟ ਨੂੰ ਪੂਰਾ ਕਰੀਏ।

੪.ਬਹਾਦਰ ਸਿੰਘ ਨੇ ਕਿਹਾ ਕਿ ਜਿਸ ਮੁੱਦੇ ਤੇ ਕਮੇਟੀ ਨੇ ਫੈਸਲਾ ਲੈ ਲਿਆ ਹੈ ਉਸ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਇਸ ਦੀ ਉਸਾਰੀ ਦੀ ਗੱਲ A.O.B ਵਿੱਚ ਹੋਵੇ ਕਿਉਂਕਿ ਇਹ Agenda ਚ ਨਹੀਂ ਹੈ।

੫.ਸ. ਚੈਂਚਲ ਸਿੰਘ ਧਾਲੀਵਾਲ ਨੇ ਕਿਹਾ ਕਿ ਕਿਤਾਬਚੇ ਜਿਸ ਦੇ ਬਾਰੇ 50ਵੀਂ ਮਿਸ਼ਨਰੀ ਸੁਸਾਇਟੀ ਦੀ ਵਰੇਗੰਢ ਅਤੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਬਾਰੇ ਜਿਕਰ ਕੀਤਾ ਹੈ ਓਹ ਹਾਲੇ ਤੱਕ ਛਪੀ ਵੀ ਨਹੀਂ। ਓਹਨਾਂ ਕਿਹਾ ਕਿ ਬਿਲਡਿੰਗ ਦੀ ਉਸਾਰੀ ਅਤੇ ਪਲੈਨਿੰਗ ਪਰਮਿਸ਼ਨ ਬਾਰੇ ਪੂਰੀ ਜਾਣਕਾਰੀ ਨਹੀਂ ਦਿੱਤੀ। ਕਿਹਾ ਵੀ ਗਿਆ ਸੀ ਸਾਲਾਨਾ ਮੀਟਿੰਗ ਤੋਂ ਪਹਿਲਾਂ ਇਕ ਮੀਟਿੰਗ ਰੱਖੀ ਜਾਵੇ ਪਰ ਕੋਈ ਰਖੀ ਨਹੀਂ ਗਈ।

੬. .ਹਰਚਰਨ ਸਿੰਘ ਟਾਂਕ ਨੇ ਜਵਾਬ ਦਿੱਤਾ ਪਿਛਲੇ ਸਾਲ ਜੂਨ 2018 ਨੂੰ ਜਦੋਂ ਉਸਾਰੀ ਦੀ ਗੱਲ ਚੱਲੀ ਓਦੋਂ ਦੇ ਸਕੱਤਰ ਤੇਜਾ ਸਿੰਘ ਮਾਂਗਟ ਨੇ ਉਸਾਰੀ ਦੀ ਹਾਮੀ ਭਰੀ ਸੀ। ਇਸ ਸੰਬੰਧ ਵਿੱਚ ਸ਼ੁਰੂ ਤੋਂ ਲੈ ਕੇ ਪਲੈਨਿੰਗ ਪਰਮਿਸ਼ਨ ਤੱਕ ਹਰ ਐਗਜੈਕਟਿਵ ਕਮੇਟੀ ਦੀ ਮੀਟਿੰਗ ਵਿੱਚ ਇਸ ਬਾਰੇ ਗੱਲ ਚੱਲਦੀ ਰਹੀ ਅਤੇ 11 ਅਗਸਤ 2019 ਨੂੰ ਇਸੇ ਮੁੱਦੇ ਨੂੰ ਬਹੁ ਸਮਤੀ ਨਾਲ ਕੀਤਾ ਗਿਆ ਕਿ ਉਸਾਰੀ ਦੀ ਜਰੂਰਤ ਹੈ ਤੇ ਸ਼ੁਰੂ ਕੀਤੀ ਜਾਵੇ।

੭.ਸ.ਮਲਕੀਤ ਸਿੰਘ ਗਰੇਵਾਲ ਜੀ ਨੇ ਮੌਜੂਦਾ ਹਾਲ ਦਾ ਜਿਕਰ ਕੀਤਾ ਕਿ ਪਿਛਲੀ ਵਾਰੀ ਵੀ ਕੁੱਝ ਕਮੇਟੀ ਮੈਂਬਰਾਂ ਨੇ ਸਾਥ ਨਹੀਂ ਦਿੱਤਾ ਸੀ। ਓਹਨਾਂ ਕਿਹਾ ਕਿ ਡੋਨੇਸ਼ਨ ਦੇਣ ਵਾਲਿਆਂ ਦੀ ਇਕ ਲਿਸਟ ਤਿਆਰ ਕੀਤੀ ਸੀ ਪਰ ਬੋਰਡ ਤੇ ਨਹੀਂ ਲਾਈ ਗਈ। ਹਣ ਉਸਾਰੀ ਕਰੋ ਅਸੀਂ ਨਾਲ ਹਾਂ। ੮.ਸ.ਅਮਰਜੀਤ ਸਿੰਘ ਢਿੱਲੋਂ ਨੇ ਵੀ ਪੰਜਾਬੀ ਭਾਸ਼ਾ ਤੇ ਵੀਚਾਰਾਂ ਦਿਤੀਆਂ ਤੇ ਕਿਹਾ ਕਿ ਉਸਾਰੀ ਦੀ ਜਰੂਰਤ ਹੈ ਹੋਣੀ ਚਾਹੀਦੀ ਹੈ।

੯.ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ 11/8/19 ਦੀ ਹੋਈ ਮੀਟਿੰਗ ਵਿੱਚ ਬਿਲਡਿੰਗ ਉਸਾਰੀ ਦਾ ਮੁੱਦਾ ਬਹੁ ਮਤ ਨਾਲ ਪਾਸ ਹੋਇਆ ਇਸ ਲਈ ਸਾਰੇ ਮੈਂਬਰਜ ਵਿਤਕਰੇ ਨੂੰ ਦੂਰ ਕਰਕੇ ਇਸ ਪ੍ਰਾਜੈਕਟ ਵਿਚ ਰਲ ਮਿਲ ਕੇ ਹਿੱਸਾ ਪਾਓ ਤੇ ਪ੍ਰਾਜੈਕਟ ਨੂੰ ਸਿਰੇ ਚਾੜ੍ਹੀਏ। ਗਿਆਨੀ ਬਲਵਿੰਦਰ ਸਿੰਘ ਪੱਟੀ ਅਤੇ ਬੀਬੀ ਬੈਂਸ ਨੇ ਵੀ ਪੰਜਾਬੀ ਭਾਸ਼ਾ ਦੀ ਪ੍ਰੋਮੋਸ਼ਨ ਲਈ ਪ੍ਰੋੜਤਾ ਕੀਤੀ।

੧੦.ਸ.ਤੇਜਾ ਸਿੰਘ ਮਾਂਗਟ ਅਤੇ ਬੀਬੀ ਬਲਪ੍ਰੀਤ ਕੌਰ ਨੇ ਬਿਲਡਿੰਗ ਦੀ ਉਸਾਰੀ ਲਈ ਅਸਹਿਮਤੀ ਪ੍ਰਗਟਾਈ।

## 4. ਖਜਾਨਚੀ ਦੀ ਰਿਪੋਰਟ।

ਸ. ਗੁਰਬਚਨ ਸਿੰਘ ਅਠਵਾਲ ਜੀ ਨੇ ਕਿਹਾ ਕਿ ਅਕਾਉਟਸ ਦੀ ਰਿਪੋਰਟ ਕਿਤਾਬਚੇ ਚ ਦਰਜ ਹੈ ਇਸ ਤੇ ਕਿਸੇ ਨੇ ਕੋਈ ਸਵਾਲ ਨਹੀਂ ਕੀਤਾ। ਇਸ ਲਈ ਅਕਾਉਟਸ ਪਾਸ ਹਨ।

**5. ਟਰੱਸਟੀਆਂ ਦੀ ਚੋਣ।** ਸ.ਹਰਚਰਨ ਸਿੰਘ ਟਾਂਕ ਨੇ 7 ਆਈਆਂ ਅਰਜੀਆਂ ਦਾ ਜਿਕਰ ਕੀਤਾ। ਸ. ਕਾਬਲ ਸਿੰਘ ਸੋਢੀ, ਸ. ਮੰਗਲ ਸਿੰਘ ਝੀਤਾ, ਸ. ਸੰਸਾਰ ਸਿੰਘ ਆਸੀ, ਸ. ਮਿਹਰਬਾਨ ਸਿੰਘ ਸਰਗਿਰੀ, ਸ. ਬਲਰਾਜ ਸਿੰਘ ਕੁਲਾਰ, ਸ. ਜਸਵੀਰ ਸਿੰਘ ਘੁੰਮਣ ਅਤੇ ਬਹਾਦਰ ਸਿੰਘ ਸਤ ਨਾਮ ਆਏ। ਦੋ ਹੋਰ ਨਾਮ ਸ. ਸਵਰਨ ਸਿੰਘ ਕੰਗ ਅਤੇ ਗੁਰਦੀਪ ਸਿੰਘ ਥਿੰਦ ਆਏ ਸਨ ਪਰ ਉਨ੍ਹਾਂ ਨੇ ਦੋ ਟਰਮਾਂ ਸੇਵਾ ਕਰਨ ਕਰਕੇ ਇਸ ਵਾਰ ਚੋਣ ਲਈ ਯੋਗ ਨਹੀਂ ਸਨ। ਹਰਚਰਨ ਸਿੰਘ ਟਾਂਕ ਨੇ ਬੇਨਤੀ ਕੀਤੀ ਕਿ ਕੋਈ ਆਪਣਾ ਨਾਮ ਵਾਪਸ ਲੈਣਾ ਚਾਹੁੰਦਾ ਹੈ ਤਾਂ ਦਸ ਦੇਵੇ ਨਹੀਂ ਤਾਂ ਪਰਚੀਆਂ ਪਾਈਆਂ ਜਾਣ। ਕਿਸੇ ਨੇ ਨਾਮ ਵਾਪਸ ਨਹੀਂ ਲਿਆ। ਪਰਚੀਆਂ ਪਾਉਣ ਤੇ ਪੰਜ ਨਾਮ ਨਿਕਲੇ – ਸ. ਮੰਗਲ ਸਿੰਘ ਝੀਤਾ, ਸ. ਮਿਹਰਬਾਨ ਸਿੰਘ ਸਰਗਿਰੀ, ਸ. ਬਲਰਾਜ ਸਿੰਘ ਕੁਲਾਰ, ਸ. ਸੰਸਾਰ ਸਿੰਘ ਆਸੀ ਅਤੇ ਸ. ਜਸਵੀਰ ਸਿੰਘ ਘੁੰਮਣ। ਇਹ ਪੰਜ ਟਰਸਟੀ ਦੋ ਸਾਲ ਸੇਵਾ ਕਰਨ ਗੇ।

**6.A.O.B.** ੧.ਸ. ਇੰਦਰ ਸਿੰਘ ਜੰਮੂ ਨੇ ਥੋੜ੍ਹੇ ਸ਼ਬਦਾਂ ਵਿੱਚ ਸੁਸਾਇਟੀ ਦੇ ਇੰਤਜਾਮ ਬਾਰੇ ਜਿਕਰ ਕੀਤਾ ਤੇ ਕਿਹਾ ਕਿ ਬਿਲਡਿੰਗ ਦੀ ਅਗਾਂਹ ਲੋੜ ਹੈ। ਸੁਸਾਇਟੀ ਦੇ ਕਾਰਜਾਂ ਨੂੰ ਅੱਗੇ ਜਾਰੀ ਰਖੀਏ ਸ. ਮੇਹਰਬਾਨ ਸਿੰਘ ਜੀ ਨੇ ਕਿਹਾ ਕਿ ਸੁਸਾਇਟੀ ਦੀ 50ਵੀਂ ਵਰੇਗੰਢ ਤੇ 550ਵੇ ਪ੍ਰਕਾਸ਼ ਉਤਸਵ ਲਈ ਕੋਈ ਮਦਤ ਦੀ ਜਰੂਰਤ ਹੈ ਤਾਂ ਉਹ ਤਿਆਰ ਹਨ।

੨.ਸ. ਗੁਰਜੀਤ ਸਿੰਘ ਸਹੋਤਾ ਜੋ ਬੈਲਵੀਡਿਅਰ ਤੋਂ ਹਨ ਨੇ ਦੱਸਿਆ ਕਿ ਯੁ.ਕੇ ਵਿੱਚ Grooming gangs ਨੌਜਵਾਨ ਬੱਚੀਆਂ ਨੂੰ Sexual exploitation ਲਈ target ਕਰ ਰਹੇ ਹਨ ਦੇ ਵਿਸ਼ੇ ਤੇ ਚਿੰਤਾ ਪ੍ਰਗਟਾਈ ਤੇ ਕਿਹਾ ਕਿ ਇਹਨਾਂ ਵਿਚ ਜਿਆਦਾ ਪਾਕਿਸਤਾਨੀ ਜਾਂ ਮੁਸਲਮਾਨ ਹੋਣ ਕਰਕੇ Asian gangs ਦਾ ਨਾਮ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ Media Monitoring Group ਜੋ ਕਿ Media outlet ਵਿੱਚ ਸ਼ਾਮਲ ਹੈ ਨੂੰ ਇਕ ਪੱਤਰ ਲਿਖਿਆ ਜਾਵੇ। ਉਨ੍ਹਾਂ ਕਿਹਾ ਕਿ ਸੁਸਾਇਟੀ ਨੂੰ ਹੋਰ ਸੰਸਥਾਵਾਂ ਜਿਵੇਂ SIKH Awareness Society ਨਾਲ ਮਿਲ ਕੇ Sexual violence ਨੂੰ ਰੋਕਣ ਲਈ ਇਕ ਕਿਤਾਬਚਾ ਜਿਸ ਵਿੱਚ ਸ realcase studies ਵੀ ਹੋਣ, ਛਪਵਾਇਆ ਜਾਵੇ। ਉਹ ਆਪ ਵੀ ਇਹੋ ਜਿਹਾ ਕਿਤਾਬਚਾ 'Misconceptions in Sikhi ' ਤਿਆਰ ਕਰ ਰਹੇ ਹਨ। ਉਪਰੰਤ ਮੀਟਿੰਗ ਦੀ ਸਮਾਪਤੀ ਹੋਈ।

## ਜਰੂਰੀ ਬੇਨਤੀ

**ਸਿੱਖੀ ਦੇ ਪ੍ਰਚਾਰ ਲਈ ਘੱਟ ਤੋਂ ਘੱਟ ਇਕ ਸੁਸਾਇਟੀ ਦਾ ਮੈਂਬਰ ਬਣਾਓ ਜੀ। ਮੈਂਬਰਸ਼ਿਪ ਫਾਰਮ ਵੈਬਸਾਈਟ ਤੋਂ ਲੈ ਸਕਦੇ ਹੋ ਜੀ।**

## SERVICES AT MATA SAHIB KAUR HALL

| | |
|---|---|
| Kurmai in Hall | £350.00 |
| AKHAND PATH IN THE HALL | £600.00 |
| AKHAND PATH AT HOME | £475.00 |
| SEHAJ PATH IN THE HALL | £450.00 |
| SEHAJ PATH AT HOME | £375.00 |
| SUKHMANI SAHIB PATH IN THE HALL | £300.00 |
| SUKHMANI SAHIB PATH AT HOME | £200.00 |

**Conditions for the use of Mata Sahib Kaur Hall**

1. Each programme to be carried out in a spirit of service and care
2. Furnishing in the hall is to be treated with sense of respect
3. Children to be accompanied by their parents and kept under control
4. A non-refundable deposit of £100.00 at the time of booking
5. LANGER/TEA/DRINKS of any kind should not be taken in the Mata Sahib Kaur Hall
6. Before the family leaves the premises, the kitchen should be thoroughly cleaned after use including floor, cookers, Sinks and utensils etc.
7. Used cooking oil should not be disposed off either in the sink or in the drain
8. Toilets and washing material to be provided by the booking family

***Sewadars of the Sikh Missionary Society***

# ਜਨਰਲ ਸਕੱਤਰ ਦੀ ਰਿਪੋਰਟ ਸਾਲ 2019 – 2020

ਸਤਿਕਾਰ ਯੋਗ ਮੈਂਬਰ ਸਾਹਿਬਾਨ ਜੀਓ
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।
ਦਾਸ ਸਾਰੇ ਐਗਜੈਕਟਿਵ ਕਮੇਟੀ ਦੇ ਮੈਂਬਰਾਂ ਦਾ ਦਿਲੋਂ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਇਸ ਸਾਲ ' ਦੇ ਕੇ ਸੁਸਾਇਟੀ ਦੇ ਰੋਜਾਨਾ ਕੰਮ ਦੀ ਪੂਰਤੀ ਵਿੱਚ ਹਿੱਸਾ ਪਾਇਆ। ਕਰੋਨਾ ਕਰਕੇ ਇਸ ਸਾਲ 7 ਮੀਟਿੰਗਾਂ ਹੋਈਆਂ। ਸਭ ਦੀ ਹਾਜ਼ਰੀ ਇਸ ਪ੍ਰਕਾਰ ਹੈ :-

| | ਹਾਜਰੀ. | ਖਿਮਾਂ |
|---|---|---|
| ਜਨਰਲ ਸਕੱਤਰ. ਹਰਚਰਨ ਸਿੰਘ ਟਾਂਕ | 7 | - |
| ਸਹਾਇਕ ਸਕੱਤਰ. ਅੰਮ੍ਰਿਤਪਾਲ ਸਿੰਘ. | 6 | 1 |
| ਖਜਾਨਚੀ. ਗੁਰਬਚਨ ਸਿੰਘ ਅਠਵਾਲ | 6 | - |
| ਰਿਸੋਰਸ ਸੈਕਟਰੀ. ਹਰਬੰਸ ਸਿੰਘ ਕੁਲਾਰ. | 6 | 1 |
| ਵਿੱਦਿਅਕ ਸੈਕਟਰੀ. ਤੇਜਾ ਸਿੰਘ ਮਾਂਗਟ. | 4 | 2 |
| ਕਮੇਟੀ ਮੈਂਬਰ | | |
| ਮਹਿੰਦਰ ਸਿੰਘ ਗਰੇਵਾਲ. | 2 | 4 |
| ਚੈਂਚਲ ਸਿੰਘ ਧਾਲੀਵਾਲ. | 3 | 3 |
| ਬਚਿਤਰ ਸਿੰਘ ਸੱਗੀ | 7 | - |
| ਜਸਵਿੰਦਰ ਕੌਰ ਖੱਟੜਾ. | 3 | 3 |
| ਜਰਨੈਲ ਸਿੰਘ ਜੰਡੂ. | 4 | - |
| ਬਲਪ੍ਰੀਤ ਕੌਰ. | 2 | 4 |
| ਖੇਮ ਸਿੰਘ. | 3 | 3 |
| ਜਸਵੰਤ ਸਿੰਘ. | 4 | 2 |

## ਸੁਸਾਇਟੀ ਦੇ ਟਰੱਸਟੀ

ਸਾਲ ਵਿੱਚ ਟਰੱਸਟੀਆਂ ਵਲੋਂ ਕੀਤੀ ਸੇਵਾ ਦਾ ਧੰਨਵਾਦ ਹੈ। ਟਰਸਟੀ ਸਾਹਿਬਾਨ ਦੇ ਨਾਮ ਇਸ ਪ੍ਰਕਾਰ ਹਨ।

1. ਸ ਮੰਗਲ ਸਿੰਘ ਝੀਤਾ
2. ਸ ਜਸਵੀਰ ਸਿੰਘ ਘੁੰਮਣ
3. ਸ ਬਲਰਾਜ ਸਿੰਘ ਕੁਲਾਰ
4. ਸ ਮਿਹਰਬਾਨ ਸਿੰਘ ਸਰਗਿਰੀ
5. ਸ ਸੰਸਾਰ ਸਿੰਘ ਆਸੀ

# ਰਿਸੋਰਸ ਸੈਂਟਰ

ਸ. ਤੇਜਿੰਦਰ ਸਿੰਘ ਕਾਈ ਬੜੀ ਮਿਹਨਤ ਤੇ ਇਮਾਨਦਾਰੀ  ਨਾਲ ਰਿਸੋਰਸ ਸੈਂਟਰ ਵਿਚ 36 ਘੰਟੇ ਕੰਮ ਕਰਦੇ ਹਨ।  ਬੜੇ ਸੁਚੱਜੇ ਢੰਗ ਨਾਲ ਕਿਤਾਬਾਂ ਤੇ ਹੋਰ ਬਸਤੂਆਂ ਤੇ ਕੀਮਤਾਂ ਲਾਉਣੀਆਂ ਤੇ ਸੋਹਣੇ ਢੰਗ ਨਾਲ ਕਿਤਾਬਾਂ ਟਿਕਾ ਕੇ ਰਖਦੇ ਹਨ।  ਪੂਰਾ ਹਿਸਾਬ ਕਿਤਾਬ ਕਰਕੇ ਖਜਾਨਚੀ ਸਾਹਿਬ ਨੂੰ ਦਿੰਦੇ ਹਨ। ਕਿਤਾਬਾਂ ਆਰਡਰ ਕਰਨ ਲਈ ਰਿਸੋਰਸ ਸੈਕਟਰੀ ਨੂੰ ਪੂਰਾ ਸਹਿਯੋਗ ਦਿੰਦੇ ਹਨ ।  ਪ੍ਰੋਗਰਾਮ ਵੀ ਬੁਕ ਕਰਦੇ ਹਨ।

ਸ ਬਲਵਿੰਦਰ ਸਿੰਘ ਪੱਟੀ ਰਿਸੋਰਸ ਸੈਂਟਰ ਵਿਚ ਵੀ ਕੰਮ ਕਰਦੇ ਅਤੇ ਮਾਤਾ ਸਾਹਿਬ ਕੌਰ ਹਾਲ ਵਿੱਚ ਹੋਣ ਵਾਲੇ ਸ਼ਨਿਚਰਵਾਰ ਅਤੇ ਐਤਵਾਰ ਪ੍ਰੋਗਰਾਮਾਂ ਵਿੱਚ ਪਾਠ ਅਤੇ ਕੀਰਤਨ ਦੀ ਸੇਵਾ ਕਰਦੇ ਹਨ।  ਘਰਾਂ ਵਿਚ ਸੁਖਮਨੀ ਸਾਹਿਬ, ਸਹਿਜ ਪਾਠ ਅਤੇ ਅਖੰਡ ਪਾਠ ਸਾਹਿਬ ਬੁਕ ਕਰਕੇ ਇਹਨਾਂ ਪਾਠਾਂ ਦਾ ਇੰਤਜਾਮ ਕਰਦੇ ਹਨ ਤੇ ਆਪ ਗੁਰਮਤਿ ਪ੍ਰਚਾਰ ਅਤੇ ਕੀਰਤਨ ਦੀ ਸੇਵਾ ਕਰਦੇ ਹਨ

ਇਹਨਾਂ ਤੋਂ ਇਲਾਵਾ ਸੁਸਾਇਟੀ ਦੇ ਮੈਂਬਰਜ ਸਵੇਰੇ ਦਾਸ, ਹਰਬੰਸ ਸਿੰਘ ਕੁਲਾਰ, ਗੁਰਬਚਨ ਸਿੰਘ ਅਠਵਾਲ ਤੇ ਸ਼ਾਮ ਨੂੰ ਤੇਜਾ ਸਿੰਘ ਮਾਂਗਟ ਸੇਵਾ ਕਰਦੇ ਹਨ।  ਫਰਵਰੀ 2020 ਤਕ ਜਰਨੈਲ ਸਿੰਘ ਜੰਡੂ ਵੀ ਸਵੇਰ ਵੇਲੇ ਹਾਜ਼ਰ ਹੁੰਦੇ ਸਨ।

ਸ਼ਨਿਚਰਵਾਰ ਅਤੇ ਐਤਵਾਰ ਸ਼ਾਮ ਨੂੰ 3 ਤੋਂ 6 ਵਜੇ ਤੱਕ ਸ. ਜਸਵੰਤ ਸਿੰਘ ਜੀ ਸੇਵਾ ਕਰਦੇ ਹਨ।  ਲੋੜ ਪੈਣ ਤੇ ਸ਼ਾਮ ਨੂੰ ਮਹਿੰਦਰ ਸਿੰਘ ਗਰੇਵਾਲ ਅਤੇ ਬਚਿੱਤਰ ਸਿੰਘ ਸੱਗੀ ਵੀ ਸੇਵਾ ਕਰਦੇ ਹਨ।  ਐਤਵਾਰ ਸ਼ਾਮ ਨੂੰ ਦਾਸ ਅਤੇ ਸ. ਹਰਬੰਸ ਸਿੰਘ ਕੁਲਾਰ ਵੀ ਸੇਵਾ ਕਰਦੇ ਹਨ।

ਰਿਸੋਰਸ ਸੈਂਟਰ ਦੇ ਖੁਲਣ ਦਾ ਸਮਾਂ ਸੋਮਵਾਰ ਤੋਂ ਸਨਿਚਰਵਾਰ ਸਵੇਰੇ 10 ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਤੇ ਐਤਵਾਰ ਨੂੰ ਇਕ ਵਜੇ ਤੋਂ ਲੈ ਕੇ ਸ਼ਾਮ ਦੇ 6 ਵਜੇ ਤੱਕ ਹੈ।

ਸ. ਹਰਬੰਸ ਸਿੰਘ ਕੁਲਾਰ ਹੁਰਾਂ ਇਸ ਸਾਲ ਵੀ ਰਿਸੋਰਸ ਸੈਂਟਰ ਲਈ ਧਾਰਮਿਕ, ਇਤਿਹਾਸਕ, ਵਿਦਿਅਕ ਤੇ ਬੱਚਿਆਂ ਵਾਸਤੇ ਕਈ ਤਰ੍ਹਾਂ ਦੀਆਂ ਕਿਤਾਬਾਂ ਲਿਆਂਦੀਆਂ।  ਪੰਥ ਦੇ ਉਘੇ

ਲਿਖਾਰੀਆਂ ਦੀਆਂ ਨਵੀਆਂ ਕਿਤਾਬਾਂ ਮੰਗਵਾ ਕੇ ਪਾਠਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ।  ਟੈਲੀਫੋਨ ਤੇ ਵੀ ਸੰਗਤਾਂ ਬਾਹਰੋਂ ਆਰਡਰ ਕਰਕੇ ਲੋੜ ਅਨੁਸਾਰ ਕਿਤਾਬਾਂ ਮੰਗਵਾ ਸਕਦੀਆਂ ਹਨ।  ਦੂਰੋਂ ਆਉਣ ਵਾਲੇ ਸੱਜਣਾਂ ਨੂੰ ਬੇਨਤੀ ਹੈ ਕਿ ਆਉਣ ਤੋਂ ਪਹਿਲਾਂ ਫ਼ੂਨ ਕਰਕੇ ਜਾਣਕਾਰੀ ਦੇ ਦੇਣ।

ਰਿਸੋਰਸ ਸੈਂਟਰ ਤੋਂ ਹਰ ਤਰ੍ਹਾਂ ਦੇ ਸਿੱਖੀ ਕਕਾਰ, ਗਾਤਰੇ, ਵੱਡੀਆਂ ਤੇ ਛੋਟੀਆਂ ਸਿਰੀ ਸਾਹਿਬਾਂ, ਕਛਹਿਰੇ, ਧਾਰਮਿਕ ਤੇ ਇਤਿਹਾਸਕ ਪੁਸਤਕਾਂ (ਪੰਜਾਬੀ ਤੇ ਅੰਗਰੇਜ਼ੀ ਵਿੱਚ) ਹਰ ਤਰ੍ਹਾਂ ਦੇ ਗੁਟਕੇ, ਪੰਜਾਬੀ ਅਤੇ ਹਿੰਦੀ ਵਿਚ, ਪੰਜਾਬੀ ਪੜ੍ਹਾਉਣ ਲਈ ਕਿਤਾਬਾਂ ਉਪਲੱਬਦ ਹਨ।  ਗੁਰਬਾਣੀ CD, DVD ਤੇ ਰੁਮਾਲਾ ਸਾਹਿਬ ਦਾ ਭਾਰੀ ਗਿਣਤੀ ਵਿੱਚ ਸਾਡੇ ਕੋਲ ਸਟਾਕ ਹੈ।

# ਧਾਰਮਿਕ ਕਾਰਜ

ਸੁਖਮਨੀ ਸਾਹਿਬ ਜੀ ਦਾ ਪਾਠ, ਸਹਿਜ ਪਾਠ, ਅਖੰਡ ਪਾਠ ਅਤੇ ਆਨੰਦ ਕਾਰਜ (ਸਿਵਲ ਮੈਰਿਜ ਜਿਸ ਲਈ ਗੌਰਮਿੰਟ ਵਲੋਂ ਰਜਿਸਟਰ ਕਰਨ ਦੀ ਮਨਜ਼ੂਰੀ ਹੈ) ਆਪ ਜੀ ਇਹ ਧਾਰਮਿਕ ਕਾਰਜ ਮਾਤਾ ਸਾਹਿਬ ਕੌਰ ਹਾਲ ਵਿੱਚ ਕਰਵਾ ਸਕਦੇ ਹੋ। ਮਾਤਾ ਸਾਹਿਬ ਕੌਰ ਹਾਲ ਵਿਚ ਹੋਣ ਵਾਲੇ ਧਾਰਮਿਕ ਪ੍ਰੋਗਰਾਮ ਸਨਿਚਰਵਾਰ ਹਰਚਰਨ ਸਿੰਘ ਟਾਂਕ ਨੇ ਨਿਭਾਏ ਅਤੇ ਐਤਵਾਰ ਵਾਲੇ ਪ੍ਰੋਗਰਾਮ ਸ. ਤੇਜਾ ਸਿੰਘ ਮਾਂਗਟ ਨੇ ਨਿਭਾਏ। ਇਸ ਸਾਲ ਹੋਈਆਂ ਸੇਵਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ।

| | |
|---|---|
| ਅਖੰਡ ਪਾਠ ਮਾਤਾ ਸਾਹਿਬ ਕੌਰ ਹਾਲ ਵਿਚ. | 1 |
| ਅਖੰਡ ਪਾਠ ਘਰ ਵਿਚ. | 1 |
| ਸੁਖਮਨੀ ਸਾਹਿਬ ਹਾਲ ਵਿਚ. | 31 |
| ਸੁਖਮਨੀ ਸਾਹਿਬ ਘਰ ਵਿਚ. | 7 |
| ਸਹਿਜ ਪਾਠ ਹਾਲ ਵਿਚ. | 1 |
| ਸਹਿਜ ਪਾਠ ਘਰ ਵਿਚ. | 2 |
| ਕੁੜਮਾਈਈ ਦੀ ਰਸਮ. | - |
| ਫਿਉਨਰਲ ਸੇਵਾਵਾਂ. | - |
| ਕੀਰਤਨ ਘਰ ਵਿਚ. | 3 |

# 1.ਸੁਸਾਇਟੀ ਪਬਲੀਕੇਸ਼ਨ

੧. ਸਿੱਖ ਹਿੰਦੂ ਨਹੀਂ। ਇਸ ਕਿਤਾਬ ਦੀ 2000 ਕਾਪੀ ਛਪਾਈ ਗਈ ਜੋ ਦਸੰਬਰ 2019 ਨੂੰ ਫਤਿਹਗੜ੍ਹ ਸਾਹਿਬ ਵਿਖੇ ਚਾਰ ਸਹਿਬਜਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਪ੍ਰੋਗਰਾਮ ਸਫਰ - ਏ-ਸ਼ਹਾਦਤ ਮੌਕੇ ਇੰਡੀਆ ਵਿਚ ਸਿੱਖੀ ਪ੍ਰਚਾਰ ਲਈ ਫਰੀ ਵੰਡੀ।

੨.'ਭਾਰਤ ਦੇ ਪਛੜੇ ਵਰਗੋ' ਇਸ ਦੀ ਵੀ 2000 ਕਾਪੀ ਛਪਵਾ ਕੇ ਸ਼ਹੀਦੀ ਸਮਾਗਮ ਤੇ ਵੰਡੀ ਗਈ। ਇਸ ਕਿਤਾਬਚੇ ਵਿੱਚ ਦਲਿਤਾਂ ਅਤੇ ਪਛੜੇ ਲੋਕਾਂ, ਨੂੰ ਬਹੁਤ ਹੀ ਢੁਕਵੇਂ ਇਤਿਹਾਸਕ ਹਵਾਲੇ ਦੇ ਕੇ ਲੇਖਕ ਨੰਦ ਕਿਸ਼ੋਰ ਨੇ, ਉਨ੍ਹਾਂ ਨੂੰ ਸਿੱਖੀ ਧਾਰਨ ਲਈ ਅਪੀਲ ਕੀਤੀ ਹੈ। ਇਸ ਕਦਾਬਚੇ ਦੀ ਇਕ ਹਜਾਰ ਕਾਪੀ ਅੰਗਰੇਜ਼ੀ ਵਿੱਚ ਵੀ ਵੰਡੀ। ਇਨ੍ਹਾਂ ਤਿੰਨਾਂ ਕਿਤਾਬਾਂ ਦੀ ਛਪਾਈ ਦਾ ਖਰਚਾ ਹਰਚਰਨ ਸਿੰਘ ਟਾਂਕ ਨੇ ਕੁਝ ਗੁਰਮਖ ਸਜਣਾ ਨਾਲ ਮਿਲ ਕੇ ਕੀਤਾ।

੩.ਚਾਰ  ਸਾਹਿਬਜ਼ਾਦਿਆਂ ਦੇ ਜੀਵਨ ਤੇ ਸ਼ਹਾਦਤ ਨੂੰ ਦਰਸਾਉਂਣ ਵਾਲਾ ਕਿਤਾਬਚਾ ਵੀ ਫ੍ਰੀ ਵੰਡਿਆ। ਉਪਰ ਵਾਲੇ ਤਿੰਨੇ ਕਿਤਾਬਚੇ ਬਲਵਿੰਦਰ ਸਿੰਘ ਪੱਟੀ ਹੁਰਾਂ ਫਤਹਿਗੜ੍ਹ ਸਾਹਿਬ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵਲੋਂ ਸਟਾਲ ਲਾ ਕੇ ਫਰੀ ਵੰਡੇ। ਅਸੀਂ ਇਨ੍ਹਾਂ ਦੇ ਬਹੁਤ ਧੰਨਵਾਦੀ ਹਾਂ।

੪. ਗੁਰੂ ਨਾਨਕ ਦੇਵ ਜੀ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਸਤਿਕਾਰ - ਏ- ਗੁਰੂ ਨਾਨਕ ਇਕ brochure ਤਿਆਰ ਕੀਤਾ ਜਿਸ ਵਿਚ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਦਾ 50 ਸਾਲਾਂ ਦਾ ਇਤਿਹਾਸ ਅਤੇ ਉਘੇ ਵਿਦਵਾਨਾਂ ਦੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਾਰੇ ਲੇਖ ਦਰਜ ਹਨ। ਇਸ ਦੀਆਂ 2000 ਕਾਪੀ ਛਪਵਾਈ ਗਈ ਜੋ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਤੇ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਦੇ ਹਾਜਰ ਮੈਬਰਾਂ ਨੂੰ ਉਹਨਾਂ ਦੀਆਂ ਸਿਖ ਮਿਸ਼ਨਰੀ ਸੁਸਾਇਟੀ ਪ੍ਰਤੀ ਕੀਤੀਆਂ ਸੇਵਾਵਾਂ ਵਾਸਤੇ ਸਨਮਾਨ ਵਜੋਂ 'award ਆਫ honour' ਦੇ ਨਾਲ ਭੇਟ ਕੀਤਾ। ਬਾਕੀ ਮੈਂਬਰਾਂ ਅਤੇ ਸੰਗਤਾਂ ਵਾਸਤੇ ਹੋਰ ਕਾਪੀਆਂ ਰਖੀਆ ਗਈਆਂ।

## 2 ਨਗਰ ਕੀਰਤਨ।

ਹਰ ਸਾਲ ਦੀ ਤਰ੍ਹਾਂ 3 ਨਵੰਬਰ 2019 ਐਤਵਾਰ ਵਾਲੇ ਦਿਨ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦੇ ਹੋਏ ਨਗਰ ਕੀਰਤਨ ਕੱਢਿਆ ਗਿਆ। ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵਲੋਂ ਸਿੱਖੀ ਪ੍ਰਚਾਰ ਲਈ ਫਰੀ ਕਿਤਾਬਾਂ ਦਾ ਸਟਾਲ ਲਗਾਇਆ ਗਿਆ। ਸੁਸਾਇਟੀ ਲਈ ਕਾਫੀ ਦਾਨ ਇਕੱਠਾ ਹੋਇਆ। ਇਸ ਮੌਕੇ ਸ. ਮਹਿੰਦਰ ਸਿੰਘ ਗਰੇਵਾਲ, ਅਮ੍ਰਿਤਪਾਲ ਸਿੰਘ, ਜਸਵੰਤ ਸਿੰਘ, ਹਰਬੰਸ ਸਿੰਘ ਕੁਲਾਰ, ਬਚਿੱਤਰ ਸਿੰਘ ਸੱਗੀ , ਹਰਚਰਨ ਸਿੰਘ ਟਾਂਕ, ਬਲਵਿੰਦਰ ਸਿੰਘ ਪੱਟੀ, ਜਸਵਿੰਦਰ ਕੌਰ ਖਟਰਾ, ਤੇਜਾ ਸਿੰਘ ਮਾਂਗਟ, ਮੰਗਲ ਸਿੰਘ ਅਤੇ ਖੇਮ ਸਿੰਘ ਨੇ ਸੇਵਾ ਕੀਤੀ। ਅਸੀਂ ਇਨ੍ਹਾਂ ਦੇ ਬਹੁਤ ਧੰਨਵਾਦੀ ਹਾਂ।

## 3.ਬਿਲਡਿੰਗ ਦੀ ਉਸਾਰੀ।

ਪਿਛਲੇ ਸਾਲ ਜਨਰਲ ਬਾਡੀ ਨੇ ਮਾਤਾ ਸਾਹਿਬ ਕੌਰ ਹਾਲ ਉਪਰ ਹਾਲ ਬਨਾਉਣ ਦੀ, ਕੌਂਸਲ ਵਲੋਂ ਮਨਜੂਰ ਕੀਤੀ ਪਲੈਨ, ਦੀ ਪ੍ਰੋੜਤਾ ਕੀਤੀ ਅਤੇ ਇਸ ਨੂੰ ਬਨਾਉਣ ਲਈ ਪ੍ਰੇਰਨਾ ਵੀ ਕੀਤੀ। ਕਮੇਟੀ ਨੇ ਇਸ ਕੰਮ ਨੂੰ ਪੂਰਾ ਕਰਨ ਲਈ ਚਾਰ ਐਸਟੀਮੇਟ ਲਏ। ਚੌਹਾਂ ਬਿਲਡਰਜ ਨਾਲ ਗੱਲਬਾਤ ਕਰਕੇ ਅਤੇ ਉਨ੍ਹਾਂ ਬਾਰੇ ਜਾਣਕਾਰੀ ਲੈ ਕੇ ਇਕ ਕੰਪਨੀ ਨੂੰ ਠੇਕਾ ਦਿੱਤਾ ਜੋ 342000 ਪੌਂਡ ਵਿਚ 22 ਜੂਨ 2020 ਤੋਂ ਕੰਮ ਸ਼ੁਰੂ ਕਰ ਕੇ ਦਸੰਬਰ 2020 ਦੇ ਅੰਤ ਤੱਕ ਕੰਮ ਖਤਮ ਕਰਨ ਗੇ। ਹੋਰ ਸਬੰਧਤ ਖਰਚੇ ਪਾਕੇ ਲਗ ਭਗ ਚਾਰ ਲੱਖ ਤਕ ਖਰਚਾ ਹੋਣ ਦੀ ਸੰਭਾਵਨਾ ਹੈ।

## 4 ਪ੍ਰਕਾਸ਼ ਉਤਸਵ ਗੁਰੂ ਨਾਨਕ ਦੇਵ ਜੀ।

23 ਨਵੰਬਰ 2019 ਦਿਨ ਸ਼ਨੀਵਾਰ ਨੂੰ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਦੇ ਅਸਥਾਨ ਤੇ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਉਤਸਵ ਅਤੇ ਸਿੱਖ ਮਿਸ਼ਨਰੀ ਸੁਸਾਇਟੀ ਦੀ 50ਵੀਂ ਵਰੇਗੰਢ ਬੜੀ ਧੂਮਧਾਮ ਨਾਲ ਮਨਾਈ। ਜਪੁਜੀ ਸਾਹਿਬ ਦੇ ਪਾਠ ਉਪਰੰਤ ਸਿੱਖ ਮਿਸ਼ਨਰੀ ਸੁਸਾਇਟੀ ਦੇ ਬੱਚਿਆਂ ਨੇ ਕੀਰਤਨ ਕੀਤਾ। ਫਿਰ ਅੱਧੇ ਘੰਟੇ ਲਈ ਡਾ. ਜਸਵਿੰਦਰ ਕੌਰ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਾਰੇ ਜਾਣਕਾਰੀ ਦਿੱਤੀ। ਭਾਈ ਰੂਪ ਸਿੰਘ ਨੇ ਇਕ ਡਰਾਮੇ ਦੇ ਰੂਪ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਾਰੇ ਦਸਿਆ। ਇਸ ਸਮਾਗਮ ਵਿੱਚ ਸਿੱਖ ਮਿਸ਼ਨਰੀ ਸੁਸਾਇਟੀ ਦੇ ਮੈਂਬਰਾਂ ਅਤੇ ਭਾਰੀ ਗਿਣਤੀ ਵਿੱਚ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ। ਬੱਚਿਆਂ ਦਾ ਹੌਂਸਲਾ ਵਧਾਉਣ ਲਈ ਉਨ੍ਹਾਂ ਨੂੰ ਇਨਾਮ ਵਜੋਂ ਇਕ ਸਰਟੀਫਿਕੇਟ, ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਅਤੇ ਸਿੱਖ ਮਿਸ਼ਨਰੀ ਸੁਸਾਇਟੀ ਦੀ 50ਵੀਂ ਵਰੇਗੰਢ ਦੇ ਯਾਦਗਾਰੀ ਸਮਾਗਮ ਵਿਚ ਸ਼ਾਮਲ ਹੋਣ ਲਈ, ਦਿੱਤਾ ਗਿਆ। ਸਿੱਖ ਮਿਸ਼ਨਰੀ ਸੁਸਾਇਟੀ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਸੁਸਾਇਟੀ ਵਾਸਤੇ ਕੀਤੀਆਂ ਸੇਵਾਵਾਂ ਲਈ ‘award of honour ‘ਦਿੱਤਾ ਗਿਆ ਅਤੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਇਕ brochure ‘ਸਤਿਕਾਰ – ਏ- ਗੁਰੂ ਨਾਨਕ’, ਜਿਸ ਵਿਚ ਸਿੱਖ ਮਿਸ਼ਨਰੀ ਸੁਸਾਇਟੀ ਦਾ 50 ਸਾਲਾ ਇਤਿਹਾਸ ਅਤੇ ਉਘੇ ਪੰਥਕ ਲੇਖਕਾਂ ਵਲੋਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਾਰੇ ਲੇਖ ਦਰਜ ਹਨ, ਵੀ ਦਿੱਤਾ ਗਿਆ। ਸਾਰੇ ਪ੍ਰੋਗਰਾਮ ਨੂੰ ਤੇਜਾ ਸਿੰਘ ਮਾਂਗਟ ਨੇ ਹੋਰ ਕਮੇਟੀ ਦੇ ਸੇਵਾਦਾਰਾਂ – ਬਲਪ੍ਰੀਤ ਕੌਰ, ਹਰਬੰਸ ਸਿੰਘ ਕੁਲਾਰ, ਜਰਨੈਲ ਸਿੰਘ ਜੰਡੂ, ਹਰਚਰਨ ਸਿੰਘ ਟਾਂਕ, ਮਹਿੰਦਰ ਸਿੰਘ ਗਰੇਵਾਲ,ਅਮ੍ਰਿਤਪਾਲ ਸਿੰਘ ਅਤੇ ਬਚਿੱਤਰ ਸਿੰਘ ਸੱਗੀ ਨਾਲ ਮਿਲ ਕੇ ਆਰਗੇਨਾਈਜ ਕੀਤਾ। ਅਸੀਂ ਸਾਰਿਆਂ ਦੇ ਬਹੁਤ ਧੰਨਵਾਦੀ ਹਾਂ। ਅੰਤ ਵਿੱਚ ਸੁਸਾਇਟੀ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## 5.ਪ੍ਰਕਾਸ਼ ਪੁਰਬ ਗੁਰੂ ਗੋਬਿੰਦ ਸਿੰਘ ਜੀ।

5 ਜਨਵਰੀ 2020 ਦਸਮ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਬੜੀ ਧੂਮਧਾਮ ਨਾਲ ਮਨਾਇਆ ਗਿਆ। ਬੱਚਿਆਂ ਦੇ ਕੀਰਤਨ ਉਪਰੰਤ ਸ. ਰੂਪ ਸਿੰਘ ਅਤੇ ਰਾਜਵੀਰ ਸਿੰਘ ਨੌਜਵਾਨ ਪਰਿਜੈਂਟਰ ਨੇ ਗੁਰੂ ਮਹਾਰਾਜ ਦੇ ਜੀਵਨ ਵਾਰੇ ਲੈਕਚਰ ਦਿੱਤੇ ਅਰਦਾਸ ਉਪਰੰਤ ਬੱਚਿਆਂ ਨੂੰ ਇਨਾਮ ਦਿੱਤੇ ਗਏ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸਾਰੇ ਸਮਾਗਮ ਦਾ ਇੰਤਜਾਮ ਤੇਜਾ ਸਿੰਘ ਮਾਂਗਟ ਨੇ ਹੋਰ ਸੇਵਾਦਾਰਾਂ ਨਾਲ ਮਿਲ ਕੇ ਕੀਤਾ।

## 6.ਹੋਰ ਧਾਰਮਿਕ ਸਮਾਗਮ।

੧.24 ਅਕਤੂਬਰ 2019 ਨੂੰ ਡਾ. ਜਸਵਿੰਦਰ ਕੌਰ co chair ethnic minority networks ਨੇ ਹੋਮ ਆਫਿਸ ਮਾਰਸਟਨ ਸਟਰੀਟ ਲੰਡਨ ਵਿਖੇ ਬੰਦੀ ਛੋੜ ਦਿਵਸ ਮਨਾਇਆ। ਸਿੱਖ ਮਿਸ਼ਨਰੀ ਸੁਸਾਇਟੀ ਵਲੋਂ ਗਿਆਨੀ ਬਲਵਿੰਦਰ ਸਿੰਘ ਪੱਟੀ ਨੇ ਓਥੇ ਜਾ ਕੇ ਕੀਰਤਨ ਦੀ ਸੇਵਾ ਨਿਭਾਈ। ਗਿਆਨੀ ਨਿਰਮਲਜੀਤ ਸਿੰਘ ਜੀ ਨੇ ਅਤੇ ਡਾ. ਜਸਵਿੰਦਰ ਕੌਰ ਨੇ ਅੰਗਰੇਜੀ ਵਿੱਚ ਹਾਜ਼ਰ ਗੋਰਿਆਂ ਨੂੰ ਬੰਦੀ ਛੋੜ ਦਿਵਸ ਬਾਰੇ ਜਾਣਕਾਰੀ ਦਿੱਤੀ। ਸਿੱਖ ਮਿਸ਼ਨਰੀ ਸੁਸਾਇਟੀ ਵਲੋਂ ਫਰੀ ਲਿਟਰੇਚਰ ਵੰਡਿਆ ਗਿਆ।

## ੨. ਅਖੰਡ ਕੀਰਤਨੀ ਜਥੇ ਵਲੋਂ ਕੀਰਤਨ ਸਮਾਗਮ।

24 ਜਨਵਰੀ 2020, ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਅਖੰਡ ਕੀਰਤਨੀ ਜਥੇ ਵਲੋਂ ਸ਼ਾਮ ਨੂੰ 6 ਤੋਂ 9.30 ਤਕ ਕੀਰਤਨ ਦਰਬਾਰ ਸਜਾਇਆ। 25 ਜਨਵਰੀ 2020 ਨੂੰ ਸਵੇਰੇ 6 ਤੋਂ 9-30 ਸਤਿ ਤਕ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਸੰਗਤਾਂ ਨੇ ਭਾਰੀ ਗਿਣਤੀ ਵਿੱਚ ਹਾਜ਼ਰ ਹੋ ਕੇ ਲਾਭ ਉਠਾਇਆ।

## 7.ਗੁਰਮਤਿ ਸੈਮੀਨਾਰ।

੧.ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ 30 ਅਕਤੂਬਰ 2019 ਨੂੰ ਸ਼ਾਮ ਦੇ 6-7.30 ਤਕ ਵਿਸ਼ੇਸ਼ ਗੁਰਮਤਿ ਸੈਮੀਨਾਰ ਕਰਵਾਇਆ। ਜਿਸ ਵਿੱਚ ਪ੍ਰਸਿੱਧ ਵਿਦਵਾਨ ਗਿਆਨੀ ਨਿਰਮਲਜੀਤ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸਿਖਾਂ ਦੇ ਰਾਜਸੀ ਪ੍ਰਬੰਧ ਅਤੇ ਪਰਿਵਾਰਿਕ ਰਿਸ਼ਤਿਆਂ ਦੇ ਸੁਧਾਰ ਅਤੇ ਪ੍ਰਬੰਧ ਲਈ ਦਿਤੀਆਂ ਸਿਖਿਆਵਾਂ ਨੂੰ ਸਾਂਝਾ ਕੀਤਾ। ਉਪਰੰਤ ਸੈਮੀਨਾਰ ਲਈ ਵਿਸ਼ੇਸ਼ ਤੌਰ ਤੇ ਮੁੱਖ ਬੁਲਾਰੇ ਵਜੋਂ ਪਹੁੰਚੇ ਸਿੱਖ ਚਿੰਤਕ ਅਜਮੇਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਸੋਚ ਦੇ ਨਾਲ ਮਨੁੱਖਤਾ ਦੇ ਸੁਧਾਰ ਲਈ ਕੀਤੇ ਗਏ ਕਾਰਜਾਂ ਬਾਰੇ ਦਸ ਕੇ ਉਨ੍ਹਾਂ ਦੀ ਸੋਚ ਨੂੰ ਸੰਸਾਰ ਪੱਧਰ ਤੇ ਪ੍ਰਚਾਰਨ ਲਈ ਪ੍ਰੇਰਿਆ। ਅੰਤ ਵਿੱਚ ਸੁਸਾਇਟੀ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਦਿੱਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

## ੨. ਸਿੱਖ ਹਿੰਦੂ ਨਹੀਂ ਵਿਸ਼ੇ ਤੇ ਸੈਮੀਨਾਰ।

5 ਨਵੰਬਰ 2019 ਨੂੰ ਸਿਖ ਮਿਸ਼ਨਰੀ ਸੁਸਾਇਟੀ ਦੇ ਨਿਸ਼ਾਨ ਹੇਠ ਅਕਾਲ ਚੈਨਲ ਦੇ ਬਰਮਿੰਘਮ ਸਟੂਡੀਓ ਵਿਚ ਸੈਮੀਨਾਰ ਕੀਤਾ ਗਿਆ। ਜਿਸ ਵਿੱਚ ਹਰਚਰਨ ਸਿੰਘ ਟਾਂਕ ਅਤੇ ਗੁਰਬਚਨ ਸਿੰਘ ਅਠਵਾਲ ਨੇ ਸ਼ਮੂਲੀਅਤ ਕੀਤੀ। ਜਥੇਦਾਰ ਮਹਿੰਦਰ ਸਿੰਘ ਖਹਿਰਾ, ਹਰਚਰਨ ਸਿੰਘ ਟਾਂਕ ਅਤੇ ਬੀਬੀ ਕਿਰਨਪ੍ਰੀਤ ਕੌਰ ਨੇ ਵਿਸ਼ੇ ਤੇ ਲੈਕਚਰ ਦਿੱਤੇ। ਸਪੀਕਰਜ ਨੇ ਬਹੁਤ ਹੀ ਵਿਸਥਾਰ ਨਾਲ ਇਤਿਹਾਸਕ ਤੇ ਗੁਰਮਤਿ ਹਵਾਲੇ ਦੇ ਕੇ ਸਿਧ ਕੀਤਾ ਕਿ ਸਿੱਖ ਹਿੰਦੂ ਨਹੀਂ। ਸਿੱਖ ਧਰਮ ਦੁਨੀਆ ਦਾ ਪੰਜਵਾਂ ਵੱਡਾ ਧਰਮ ਹੈ। ਸਿਖਾਂ ਦੇ ਆਪਣੇ ਵਖੱਰੇ ਸਿਧਾਂਤ ਹਨ, ਵਖੱਰਾ ਧਾਰਮਿਕ ਗ੍ਰੰਥ, ਵਖੱਰੀ ਸਭਿਅਤਾ ਹੈ, ਸਿੱਖ ਇਕ ਵੱਖਰੀ ਕੌਮ ਹੈ । ਸਿੱਖ ਸਿਧਾਂਤ ਹੈ 'ਹਿੰਦੂ ਤੁਰਕਨ ਤੇ ਹੈ ਨਿਆਰੀ ਧਰੇ ਖਾਲਸਾ ਰਹਿਤ ਸੁਚਾਰੀ ' ਅਤੇ 'ਨ ਹਮ ਹਿੰਦੂ ਨ ਮੁਸਲਮਾਨ '। ਸਟੇਜ ਦੀ ਸਾਰੀ ਕਾਰਵਾਈ ਹਰਚਰਨ ਸਿੰਘ ਟਾਂਕ ਨੇ ਨਿਭਾਈ। ਅਕਾਲ ਚੈਨਲ ਵਾਲਿਆਂ ਸਾਰਾ ਪ੍ਰੋਗਰਾਮ ਰਿਕਾਰਡ

ਕਰਕੇ ਲਾਈਵ ਟੈਲੀਵੀਜਨ ਤੇ ਦਿਖਾਇਆ ਅਤੇ ਯੂ ਟਿਊਬ ਤੇ ਵੀ ਪਾਇਆ। ਅਸੀਂ ਇਹਨਾਂ ਦੇ ਬਹੁਤ ਧੰਨਵਾਦੀ ਹਾਂ।

## ੩.ਗੁਰੂ ਨਾਨਕ ਦੇਵ ਜੀ ਅਯੋਧਿਆ ਪ੍ਰਚਾਰ ਕਰਨ ਗਏ ਸੀ।

29 ਫਰਵਰੀ 2020 ਨੂੰ ਸਿੱਖ ਮਿਸ਼ਨਰੀ ਸੁਸਾਇਟੀ ਦੇ ਅਸਥਾਨ ਤੇ ਸੈਮੀਨਾਰ ਰਖਿਆ ਕਿ ਗੁਰੂ ਨਾਨਕ ਦੇਵ ਜੀ ਅਯੋਧਿਆ ਸ਼ਰਧਾਲੂ ਬਣ ਕੇ ਨਹੀਂ, ਸਿੱਖੀ ਪ੍ਰਚਾਰ ਲਈ ਗਏ ਸਨ। ਸੁਪਰੀਮ ਕੋਰਟ ਦੇ ਜੱਜਾਂ ਵੱਲੋਂ ਅਯੁਧਿਆ ਮਸਲੇ ਦੇ ਫੈਸਲੇ ਤੇ ਸਿੱਖ ਧਰਮ ਨੂੰ ਇਕ ਕਲਟ ਕਹਿੰਦੇ ਹੋਏ ਕਿਹਾ ਕਿ ਗੁਰੂ ਨਾਨਕ ਦੇਵ ਜੀ ਅਯੋਧਿਆ ਦਰਸ਼ਨਾਂ ਨੂੰ ਗਏ ਸਨ। ਜਥੇਦਾਰ ਮਹਿੰਦਰ ਸਿੰਘ ਖਹਿਰਾ ਅਤੇ ਬੀਬੀ ਕਿਰਨਪ੍ਰੀਤ ਕੌਰ ਮੁੱਖ ਸਪੀਕਰਜ ਨੇ ਦੱਸਿਆ ਕਿ ਇਹ ਫੈਸਲਾ ਪੰਥ ਵਿਰੋਧੀ ਰਜਿੰਦਰ ਸਿਹੁੰ ਨਿਰਾਲਾ ਨਾਮ ਦੇ ਵਿਅਕਤੀ ਦੀ ਗਵਾਹੀ ਤੇ ਸੁਪਰੀਮ ਕੋਰਟ ਦੇ ਜੱਜਾਂ ਨੇ ਕੀਤਾ।
ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਚ ਹਿੰਦੂ ਮੁਸਲਮਾਨਾਂ ਦੇ ਵੱਡੇ ਧਾਰਮਿਕ ਅਸਥਾਨਾਂ ਤੇ ਜਾ ਕੇ ਦੁਨੀਆ ਨੂੰ ਇਕ ਪ੍ਰਮਾਤਮਾ ਦੀ ਬੰਦਗੀ ਕਰਨ ਲਾਇਆ ਅਤੇ ਕਰਮ ਕਾਂਡਾਂ ਵਹਿਮਾਂ ਭਰਮਾ ਚੋਂ ਕੱਢਿਆ। ਸਿੱਖ ਧਰਮ ਤਾਂ ਦੁਨੀਆ ਦਾ ਪੰਜਵਾਂ ਵੱਡਾ ਧਰਮ ਹੈ।
ਬੀਬੀ ਕਿਰਨਪ੍ਰੀਤ ਕੌਰ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਵਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਤੇ ਦਿੱਤੇ ਭਾਸ਼ਣ ਦੀ ਵਿਸਤਾਰ ਪੂਰਵਕ ਵਿਆਖਿਆ ਕੀਤੀ। ਜਥੇਦਾਰ ਮਹਿੰਦਰ ਸਿੰਘ ਖਹਿਰਾ ਨੇ ਹਰਜਿੰਦਰ ਸਿੰਘ ਦਲਗੀਰ ਵਲੋਂ ਆਪਣੀ ਫੇਸ ਬੁੱਕ ਤੇ ਦਿੱਤੇ ਬਿਆਨ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਕੋਈ ਅਕਾਲ ਤਖਤ ਸਾਹਿਬ ਦੀ ਸਾਜਨਾ ਨਹੀਂ ਕੀਤੀ ਦਾ ਖੰਡਨ ਕਰਕੇ ਇਤਿਹਾਸਕ ਹਵਾਲਿਆ ਰਾਹੀਂ ਸਿਧ ਕੀਤਾ ਕਿ ਮੀਰੀ ਪੀਰੀ ਦੇ ਮਾਲਕ ਗੁਰੂ ਜੀ ਨੇ ਅਕਾਲ ਤਖਤ ਦੀ ਉਸਾਰੀ ਕੀਤੀ ਸੀ ਜੋ ਹੁਣ ਵੀ ਕਾਇਮ ਹੈ। ਸਾਰੇ ਸੈਮੀਨਾਰ ਦੀ ਰਿਕਾਰਡਿੰਗ ਅਕਾਲ ਚੈਨਲ ਵਾਲਿਆਂ ਨੇ ਕਰਕੇ ਟੈਲੀਵੀਜਨ ਤੇ ਦਿਖਾਈ। ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਲਾਭ ਉਠਾਇਆ। ਅੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## 8.ਫਰੀ ਗੁਰਮਤਿ ਲਿਟਰੇਚਰ ਦੇ ਸਟਾਲ।

੧.ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਦੀ ਯਾਦ ਵਿੱਚ ਸ੍ਰੀ ਗੁਰੂ ਸਿੰਘ ਸਭਾ ਸਲੋਹ ਵਿਖੇ 26 ਅਕਤੂਬਰ 2019 ਨੂੰ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਅਮਰਜੀਤ ਸਿੰਘ ਖਾਲੜਾ, ਜਥੇਦਾਰ ਮਹਿੰਦਰ ਸਿੰਘ ਖਹਿਰਾ ਅਤੇ ਬੀਬੀ ਕਿਰਨਪ੍ਰੀਤ ਕੌਰ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਸਿਧਾਤਾਂ ਬਾਰੇ ਲੈਕਚਰ ਦਿੱਤੇ। ਮੁੱਖ ਸਪੀਕਰ ਇੰਡੀਆ ਤੋਂ ਆਏ ਸ. ਅਜਮੇਰ ਸਿੰਘ ਜੀ ਨੇ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕੀਤਾ। ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵਲੋਂ ਫਰੀ ਲਿਟਰੇਚਰ ਵੰਡਣ ਲਈ ਸਟਾਲ ਲਾਇਆ ਜਿਸ ਦੀ ਸੇਵਾ ਬਲਵਿੰਦਰ ਸਿੰਘ ਪੱਟੀ, ਹਰਚਰਨ ਸਿੰਘ ਟਾਂਕ ਅਤੇ ਹਰਬੰਸ ਸਿੰਘ ਕੁਲਾਰ ਨੇ ਕੀਤੀ। ਸੰਗਤਾਂ ਨੇ ਬਹੁ ਗਿਣਤੀ ਵਿੱਚ ਫਰੀ ਲਿਟਰੇਚਰ ਲਿਆ।
੨.ਸਿੰਘ ਸਭਾ ਗੁਰਦੁਆਰਾ ਹੰਸਲੋ ਦੀ ਕਮੇਟੀ ਨੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ 7-12 ਨਵੰਬਰ 2019 ਨੂੰ ਬੜੀ ਧੂਮਧਾਮ ਨਾਲ ਮਨਾਇਆ। ਸੰਗਤਾਂ ਨੇ 5 ਦਿਨ ਹਾਜਰੀ ਭਰ ਕੇ ਲਾਭ ਉਠਾਇਆ। ਪੰਜੇ ਦਿਨ ਸਿਖ ਮਿਸ਼ਨਰੀ ਸੁਸਾਇਟੀ ਵਲੋਂ ਫਰੀ ਲਿਟਰੇਚਰ ਦਾ ਸਟਾਲ ਲਾਇਆ। ਸੰਗਤਾਂ ਦੇ ਉਤਸ਼ਾਹ ਨੂੰ ਦੇਖ ਕੇ ਹਰ ਰੋਜ ਹੋਰ ਫਰੀ ਲਿਟਰੇਚਰ ਲਿਜਾ ਕੇ ਵੰਡਿਆ । ਸੁਸਾਇਟੀ ਦੇ ਸੇਵਾਦਾਰ ਬਹਾਦਰ ਸਿੰਘ, ਬਲਵਿੰਦਰ ਸਿੰਘ ਪੱਟੀ, ਹਰਚਰਨ ਸਿੰਘ ਟਾਂਕ, ਹਰਬੰਸ ਸਿੰਘ ਕੁਲਾਰ, ਬਚਿੱਤਰ ਸਿੰਘ ਸੱਗੀ, ਜਸਵੰਤ

ਸਿੰਘ, ਮਹਿੰਦਰ ਸਿੰਘ ਗਰੇਵਾਲ,ਬੀਬੀ ਜਸਵਿੰਦਰ ਕੌਰ ਖਟਰਾ ਅਤੇ ਤੇਜਾ ਸਿੰਘ ਮਾਂਗਟ ਨੇ ਸਟਾਲ ਤੇ ਸੇਵਾ ਕੀਤੀ।

੩.ਖਾਲਸਾ ਅਕੈਡਮੀ ਸਟੋਕ ਪੋਜਿਜ ਸਲੋਹ ਵਿਖੇ 7 ਅਤੇ 8 ਦਸੰਬਰ 2019 ਨੂੰ ਡਾ.ਪਰਮਿੰਦਰ ਸਿੰਘ ਗਰਚਾ ਨੇ ਸਮੇਤ ਪਰਿਵਾਰ ਰਾਗ ਦਰਬਾਰ ਕਰਵਾਇਆ। ਦੋ ਦਿਨ ਰਾਗਾਂ ਦੇ ਮਾਹਿਰਾਂ ਨੇ ਸੰਗਤਾਂ ਨੂੰ ਰਾਗਾਂ ਰਾਹੀਂ ਨਿਹਾਲ ਕੀਤਾ। ਸਿੱਖ ਮਿਸ਼ਨਰੀ ਸੁਸਾਇਟੀ ਵਲੋਂ ਦੋਨੋਂ ਦਿਨ ਫਰੀ ਕਿਤਾਬਾਂ ਦਾ ਸਟਾਲ ਲਾਇਆ ਗਿਆ। ਸਟਾਲ ਤੇ ਸੇਵਾ ਬਲਵਿੰਦਰ ਸਿੰਘ ਪੱਟੀ, ਬਹਾਦਰ ਸਿੰਘ, ਹਰਚਰਨ ਸਿੰਘ ਟਾਂਕ, ਹਰਬੰਸ ਸਿੰਘ ਕੁਲਾਰ ਅਤੇ ਬਚਿਤ੍ਰ ਸਿੰਘ ਸੱਗੀ ਨੇ ਨਿਭਾਈ।

## ੪.ਇੰਡੀਆ ਵਿੱਚ ਸਟਾਲ

ਗਿਆਨੀ ਹਰਪਾਲ ਸਿੰਘ ਹੈੱਡ ਗ੍ਰੰਥੀ, ਗੁਰ ਫਤਹਿ ਗੜ੍ਹ ਸਾਹਿਬ ਸਰਹੰਦ, ਦੀ ਪ੍ਰੇਰਨਾ ਨਾਲ ਚਾਰ ਸਾਹਿਬਜਾਦਿਆ ਦੀ ਸ਼ਹਾਦਤ ਨੂੰ ਸਮਰਪਿਤ ਪ੍ਰੋਗਰਾਮ ਸਫਰ-ਏ-ਸ਼ਹਾਦਤ ਵਿੱਚ ਵੱਖ ਵੱਖ ਥਾਵਾਂ ਤੇ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ. ਵਲੋਂ ਫਰੀ ਲਿਟਰੇਚਰ ਦੇ ਸਟਾਲ ਲਗਾਏ ਗਏ। 22 ਦਸੰਬਰ 2019 ਨੂੰ ਪਿੰਡ ਸਹੇੜੀ, 23 ਦਸੰਬਰ ਨੂੰ ਥਾਣਾ ਕੋਤਵਾਲ ਮੋਰਿੰਡਾ ਅਤੇ 24 ਦਸੰਬਰ ਨੂੰ ਗੁਰ ਠੰਡਾ ਬੁਰਜ ਫਤਹਿਗੜ੍ਹ ਸਾਹਿਬ ਸਟਾਲ ਲਗਾਏ । 'ਸਿੱਖ ਹਿੰਦੂ ਨਹੀਂ ਅਤੇ "ਭਾਰਤ ਦੇ ਪਛੜੇ ਵਰਗੋ ਕਿਤਾਬਚੇ 'ਦਾ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਫਰੀ ਵੰਡੇ ਗਏ। ਇਸ ਦੇ ਨਾਲ ਖਾਸ ਛਪਵਾਈ 'ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ 'ਵੀ ਫ੍ਰੀ ਵੰਡੀ। ਇਹ ਸਾਰੀ ਸੇਵਾ ਬਲਵਿੰਦਰ ਸਿੰਘ ਪੱਟੀ ਨੇ ਨਿਭਾਈ। ਅਸੀਂ ਇਨ੍ਹਾਂ ਦੇ ਬਹੁਤ ਧੰਨਵਾਦੀ ਹਾਂ।

## 9 ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਅਕਾਲ ਤਖਤ ਸਾਹਿਬ ਦਾ ਹੀਥਰੋ ਹਵਾਈ ਅੱਡੇ ਤੇ ਸਵਾਗਤ।

7 ਜਨਵਰੀ 2020 ਨੂੰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਇੰਗਲੈਂਡ ਫੇਰੀ ਤੇ ਆਉਣ ਤੇ ਹੀਥਰੋ ਹਵਾਈ ਅੱਡੇ ਤੇ ਸਵਾਗਤ ਕੀਤਾ ਗਿਆ। ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਦੇ ਪ੍ਰਧਾਨ ਗੁਰਮੇਲ ਸਿੰਘ ਮੱਲ੍ਹੀ ਸਮੇਤ ਸਭਾ ਦੇ ਹੋਰ ਮੈਂਬਰਜ ਅਤੇ ਸਿੱਖ ਮਿਸ਼ਨਰੀ ਸੁਸਾਇਟੀ ਵਲੋਂ ਹਰਚਰਨ ਸਿੰਘ ਟਾਂਕ, ਹਰਬੰਸ ਸਿੰਘ ਕੁਲਾਰ ਅਤੇ ਗੁਰਬਚਨ ਸਿੰਘ ਅਠਵਾਲ ਨੇ ਹੀਥਰੋ ਹਵਾਈ ਅੱਡੇ ਤੇ ਪਹੁੰਚ ਕੇ ਜਥੇਦਾਰ ਦਾ ਇੰਗਲੈਂਡ ਆਉਣ ਤੇ ਸਵਾਗਤ ਕੀਤਾ। ਉਪਰੰਤ ਸਿੰਘ ਸਭਾ ਹੈਵਲਾਕ ਰੋਡ ਗੁਰਦਵਾਰਾ ਸਾਹਿਬ ਪਹੁੰਚ ਕੇ ਚਾਹ ਪਾਣੀ ਛੱਕ ਕੇ ਊਪਰ ਮੀਟਿੰਗ ਹਾਲ ਵਿੱਚ ਵੀਚਾਰਾਂ ਹੋਈਆਂ । ਹਾਜਰ ਪਤਵੰਤੇ ਸੱਜਣਾਂ ਨੇ ਪੰਥਕ ਸੁਧਾਰ ਲਈ ਆਪੋ ਆਪਣੇ ਵੀਚਾਰ ਪ੍ਰਗਟ ਕੀਤੇ। ਸਿੱਖ ਮਿਸ਼ਨਰੀ ਸੁਸਾਇਟੀ ਵਲੋਂ ਹਰਚਰਨ ਸਿੰਘ ਟਾਂਕ ਨੇ ਜਥੇਦਾਰ ਨੂੰ ਜੀ ਆਇਆਂ ਕਹਿੰਦਿਆਂ ਪੰਥਕ ਏਕਤਾ ਵਾਸਤੇ ਸਿੱਖ ਰਹਿਤ ਮਰਿਯਾਦਾ ਨੂੰ ਪੂਰਨ ਤੌਰ ਤੇ ਲਾਗੂ ਕਰਨ ਤੇ ਜੋਰ ਦਿੱਤਾ। ਅੰਤ ਵਿੱਚ ਜਥੇਦਾਰ ਸਾਹਿਬ ਜੀ ਨੇ ਆਪਣੇ ਵਿਚਾਰ ਦੱਸੇ।

## 10.ਸਿੱਖ ਮਿਸ਼ਨਰੀ ਸੁਸਾਇਟੀ ਵਲੋਂ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਸਵਾਗਤ।

ਇੰਗਲੈਂਡ ਫੇਰੀ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਅਕਾਲ ਤਖਤ ਸਾਹਿਬ, ਸਾਡੀ ਬੇਨਤੀ ਪ੍ਰਵਾਨ ਕਰਕੇ, 11 ਜਨਵਰੀ 2020 ਨੂੰ ਸਿੱਖ ਮਿਸ਼ਨਰੀ ਸੁਸਾਇਟੀ ਦੇ ਅਸਥਾਨ ਤੇ ਆਏ। ਭਾਰੀ ਗਿਣਤੀ ਵਿਚ ਹਾਜ਼ਰ ਉਘੇ ਪੰਥਕ ਸਜਣਾ ਨੇ ਉਨ੍ਹਾਂ ਦਾ ਸਵਾਗਤ ਕੀਤਾ। ਚਾਹ ਪਾਣੀ ਛੱਕਣ ਉਪਰੰਤ ਹਰਚਰਨ ਸਿੰਘ ਟਾਂਕ ਨੇ ਗਿਆਨੀ ਜੀ ਦਾ ਸਿੱਖ ਮਿਸ਼ਨਰੀ ਸੁਸਾਇਟੀ ਚ ਆਉਣ ਦਾ ਧੰਨਵਾਦ ਅਤੇ ਸਵਾਗਤ ਕੀਤਾ। ਅਕਾਲ ਤਖਤ ਸਾਹਿਬ ਦੀ ਮਹੱਤਤਾ ਦਰਸਾ ਕੇ ਕੁੱਝ ਪੰਥਕ ਮਸਲਿਆਂ – ਗ੍ਰੰਥਾਂ ਦੀ ਸੋਧ, ਸਿੱਖ ਇਤਿਹਾਸ ਵਿੱਚ

ਮਿਲਾਵਟ, ਦੇਹਧਾਰੀ ਗੁਰੂਡੰਮ, ਈਸਾਈ ਧਰਮ ਦਾ ਪ੍ਰਚਾਰ, ਦਸਮ ਗ੍ਰੰਥ, ਪੰਥਕ ਏਕਤਾ ਅਤੇ 2003 ਵਾਲਾ ਕੈਲੰਡਰ ਮੁੜ ਲਾਗੂ ਕਰਨ ਵਰਗੇ ਮਸਲਿਆਂ ਨੂੰ ਹੱਲ ਕਰਨ ਲਈ ਬੇਨਤੀ ਕੀਤੀ ਤੇ ਇਸ ਬਾਰੇ ਯਾਦ ਪੱਤਰ ਦਿੱਤਾ।
ਉਪਰੰਤ ਜਥੇਦਾਰ ਸਾਹਿਬ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਆਪਣੇ ਵਿਚਾਰ ਰੱਖੇ ਅਤੇ ਸੰਗਤਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅੰਤ ਵਿੱਚ ਹਰਚਰਨ ਸਿੰਘ ਟਾਂਕ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਜਥੇਦਾਰ ਸਾਹਿਬ ਨੂੰ ਸਿਰੋਪਾਓ ਤੇ ਮਾਣ ਪੱਤਰ ਭੇਂਟ ਕੀਤੇ।

## 11.ਅਕਾਲ ਤਖਤ ਦੇ ਜਥੇਦਾਰ ਸਾਹਿਬ ਨੂੰ ਪਤੱਰ।

ਗੁਰੂ ਸਾਹਿਬ ਦੀਆਂ ਤਸਵੀਰਾਂ ਲਗਾਉਣ ਦੇ ਵੱਧ ਰਹੇ ਰਿਵਾਜ ਨੂੰ ਬੰਦ ਕਰਾਉਣ ਲਈ 19 ਅਕਤੂਬਰ 2019 ਨੂੰ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਪਤੱਰ ਲਿਖਿਆ। ਗੁਰੂ ਘਰ ਵਿੱਚ ਮੂਰਤੀ ਪੂਜਾ, ਬੁੱਤ ਪੂਜਾ ਦੀ ਸਖਤ ਮਨਾਹੀ ਹੈ ਪਰ ਦੇਖਣ ਵਿੱਚ ਆਇਆ ਹੈ ਕਿ ਕਈ ਗੁਰਦੁਆਰਿਆਂ, ਗੁਰਮਤਿ ਸਮਾਗਮਾਂ ਤੇ ਪੰਡਾਲਾਂ ਵਿੱਚ ਇਹਨਾਂ ਤਸਵੀਰਾਂ ਨੂੰ ਲਾਉਣ ਦਾ ਬਹੁਤ ਰਿਵਾਜ ਵੱਧ ਰਿਹਾ ਹੈ। ਗੁਰੂ ਘਰ ਵਿੱਚ ਤਾਂ ਗੁਰ ਮੂਰਤ ਗੁਰ ਸ਼ਬਦ ਹੈ ਦਾ ਸਿਧਾਂਤ ਹੈ।

## 12. ਸਿੱਖ ਧਰਮ ਨੂੰ ਸੁਪਰੀਮ ਕੋਰਟ ਦੇ ਜੱਜਾਂ ਵੱਲੋਂ ਕਲਟ ਕਹਿਣਾ।

12 ਨਵੰਬਰ 2019 ਨੂੰ ਅਯੋਧਿਆ ਦੇ ਫੈਸਲੇ ਸੰਬੰਧਿਤ ਬਿਆਨਾਂ ਵਿੱਚ ਸੁਪਰੀਮ ਕੋਰਟ ਦੇ ਜੱਜਾਂ ਵੱਲੋਂ ਸਿੱਖ ਧਰਮ ਨੂੰ ਇਕ 'ਕਲਟ 'ਕਿਹਾ ਗਿਆ ਜੋ ਬਹੁਤ ਹੀ ਅਪਮਾਨਜਨਕ ਹੈ। ਸਿੱਖ ਧਰਮ ਦੁਨੀਆ ਦਾ ਪੰਜਵਾਂ ਵੱਡਾ ਧਰਮ ਹੈ ਜਿਸ ਦਾ ਕਿਸੇ ਸਮੇਂ ਆਪਣਾ ਰਾਜ ਭਾਗ ਸੀ। ਦੂਜਾ ਗੁਰੂ ਨਾਨਕ ਸਾਹਿਬ ਨੂੰ ਰਾਮ ਚੰਦਰ ਦਾ ਭਗਤ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਗੁਰੂ ਜੀ ਅਯੋਧਿਆ ਦਰਸ਼ਨਾ ਨੂੰ ਗਏ ਸਨ। ਇਨ੍ਹਾਂ ਦੋਨਾਂ ਬੇਬੁਨਿਆਦ ਦਲੀਲਾਂ ਦਾ ਖੰਡਨ ਕਰਨ ਲਈ 23 ਨਵੰਬਰ 2019 ਨੂੰ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਪੱਤਰ ਲਿਖਿਆ ਤੇ ਬੇਨਤੀ ਕੀਤੀ ਕਿ ਕਾਨੂੰਨ ਦੇ ਮਾਹਿਰਾਂ ਦੀ ਸਲਾਹ ਨਾਲ ਓਪਰੋਕਤ ਗਲਤ ਬਿਆਨਾ ਨੂੰ ਦਰੁਸਤ ਕਰਨ ਲਈ ਸੁਪਰੀਮ ਕੋਰਟ ਨੂੰ ਪਟੀਸ਼ਨ ਭੇਜੀ ਜਾਵੇ।

## 13. ਉੜੀਸਾ ਦੇ ਮੁੱਖ ਮੰਤਰੀ ਨੂੰ ਪੱਤਰ।

ਉੜੀਸਾ ਵਿੱਚ ਜਗਨਨਾਥ ਪੁਰੀ ਜਿਥੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ ਤੇ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੀ ਆਰਤੀ ਉਤਾਰੀ, ਇਹਨਾਂ ਥਾਵਾਂ -ਮੰਗੂ ਮੱਠ ਅਤੇ ਬਾਉਲੀ ਮੱਠ ਨੂੰ ਢਾਹੁਣ ਦੀ ਤਿਆਰੀ ਕੀਤੀ ਹੈ। ਇਨ੍ਹਾਂ ਥਾਵਾਂ ਨਾਲ ਦੁਨੀਆ ਭਰ ਦੇ ਸਿੱਖਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਸਿੱਖਾਂ ਲਈ ਇਹ ਪਵਿੱਤਰ ਇਤਿਹਾਸਕ ਅਸਥਾਨ ਹਨ। ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਮਨਾਉਣ ਦੇ ਸਾਲ ਦੌਰਾਨ ਇਹਨਾਂ ਅਸਥਾਨਾਂ ਨੂੰ ਢਾਉਣਾ ਬਹੁਤ ਹੀ ਮੰਦਭਾਗਾ ਹੈ। ਇਸ ਨੂੰ ਰੋਕਣ ਲਈ ਸਿਖ ਮਿਸ਼ਨਰੀ ਸੁਸਾਇਟੀ ਯੂ ਕੇ. ਵਲੋਂ ਸਤੰਬਰ 2019 ਨੂੰ ਉੜੀਸਾ ਦੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਗਿਆ ਤਾਂ ਕਿ ਓਹ ਇਸ ਨੂੰ ਹਰ ਹਾਲਤ ਵਿੱਚ ਬੰਦ ਕਰਾਉਣ।

## 14.ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਪੱਤਰ ।

ਸੱਤਰ ਸਾਲ ਬਾਅਦ ਸਿੱਖ ਸੰਗਤਾਂ ਲਈ ਕਰਤਾਰਪੁਰ ਦੇ ਦਰਸ਼ਨਾਂ ਲਈ ਇੰਡੀਆ ਵਾਲੇ ਪਾਸੇ ਤੋਂ ਰਾਹ ਖੁਲਣਾ, ਖਾਸ ਕਰਕੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਸਮੇਂ, ਇਕ ਬਹੁਤ ਹੀ ਮਹੱਤਵਪੂਰਨ ਘਟਨਾ ਹੈ। ਸਿੱਖ ਸੰਗਤਾਂ ਦੀਆਂ ਦੇਰ ਤੋਂ ਨਿੱਤ ਦੀਆਂ ਅਰਦਾਸਾਂ ਨੂੰ ਵਾਹਿਗੁਰੂ ਨੇ ਸੁਣਿਆ ਤਾਂ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਇਹ ਲਾਂਗਾ ਖੋਲਣ ਲਈ ਪ੍ਰੇਰਿਆ।
ਅਸੀਂ ਦੋਨਾਂ ਸਰਕਾਰਾਂ ਦਾ ਧੰਨਵਾਦ ਕਰਦੇ ਹਾਂ। ਪਾਕਿਸਤਾਨ ਦੀ ਸਰਕਾਰ ਦਾ ਧੰਨਵਾਦ ਕਰਨ ਲਈ ਸਿੱਖ ਮਿਸ਼ਨਰੀ ਸੁਸਾਇਟੀ ਯੂ. ਕੇ. ਵਲੋਂ 19 ਨਵੰਬਰ 2019 ਨੂੰ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਪਤੱਰ ਲਿਖਿਆ ਗਿਆ। ਮਾਨਵਤਾ ਦੇ ਆਪਸੀ ਪਿਆਰ, ਸਾਂਝ ਅਤੇ ਏਕਤਾ ਲਈ ਬਹੁਤ ਉੱਤਮ ਉਪਰਾਲਾ ਹੈ। ਵਾਹਿਗੁਰੂ ਇਸ ਸਾਂਝ ਨੂੰ ਹਮੇਸ਼ਾ ਬਣਾਈ ਰੱਖੇ।

## 15.ਕੀਰਤਨ, ਤਬਲਾ ਅਤੇ ਪੰਜਾਬੀ ਕਲਾਸਾਂ।

ਹਰ ਬੁੱਧਵਾਰ ਨੂੰ ਸ਼ਾਮ ਦੇ 6 ਤੋਂ 7.30 ਕੀਰਤਨ ਤੇ ਪੰਜਾਬੀ ਕਲਾਸਾਂ ਲਗਾਈਆਂ ਜਾਂਦੀਆਂ ਹਨ। ਹਰ ਸ਼ੁਕਰਵਾਰ ਨੂੰ ਵੀ 6 ਤੋਂ 7.30 ਤਕ ਵੀ ਪੰਜਾਬੀ ਕਲਾਸਾਂ ਅਤੇ ਗੁਰਬਾਣੀ ਸੰਥਿਆ ਕਲਾਸਾਂ ਸ਼ੁਰੂ ਕੀਤੀਆਂ ਹਨ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਹਨਾਂ ਕਲਾਸਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।

## 16 ਪਿੰਗਲਵਾੜੇ ਤੇ ਹੋਰ ਚੈਰੀਟੀਜ ਲਈ ਫੰਡ।

ਪਿੰਗਲਵਾੜੇ ਲਈ ਸਿਖ ਮਿਸ਼ਨਰੀ ਸੁਸਾਇਟੀ ਦੇ ਲੰਗਰ ਹਾਲ ਵਿਚ ਇਕ ਡੋਨੇਸ਼ਨ ਬਕਸਾ ਲਗਾਇਆ ਗਿਆ ਹੈ। ਸੰਗਤਾਂ ਨੂੰ ਇਸ ਲਈ ਦਾਨ ਦੇਣ ਵਾਸਤੇ ਅਪੀਲ ਕੀਤੀ ਜਾਂਦੀ ਹੈ ਇਸ ਸਾਲ ਫਰਵਰੀ ਤੱਕ 1000 ਪੌਂਡ ਇਕਠੇ ਹੋਏ। ਸਿਗਲੀਗਰ ਵਣਜਾਰੇ ਫੰਡ ਲਈ 500 ਪੌਂਡ ਦਿੱਤੇ ਅਤੇ ਖਾਲਸਾ ਏਡ ਲਈ 500 ਪੌਂਡ ਦਿੱਤੇ।

17.ਜੇਲਾਂ ਚ ਸਿੱਖ ਕੈਦੀਆਂ ਲਈ ਮੁਫਤ ਗੁਟਕੇ ਅਤੇ ਧਾਰਮਿਕ ਕਿਤਾਬਾਂ ਭੇਜੀਆਂ ਜਾਂਦੀਆਂ ਹਨ। ਕਮੇਟੀ ਦੇ ਮੈਂਬਰ ਸ ਬਚਿੱਤਰ ਸਿੰਘ ਸੱਗੀ ਵੀ ਜੇਲਾਂ ਵਿਚ ਜਾ ਕੇ ਸੇਵਾ ਕਰਦੇ ਹਨ ਅਤੇ ਫਰੀ ਲਿਟਰੇਚਰ ਵੰਡਦੇ ਹਨ ।

## 18.ਸਲਾਹ ਕਾਰ ਬੋਰਡ।

ਸੁਸਾਇਟੀ ਪਬਲੀਕੇਸ਼ਨਜ ਅਤੇ ਪੰਥਕ ਮਸਲਿਆਂ ਵਾਰੇ ਸਲਾਹ ਦੇਣ ਲਈ ਸੁਸਾਇਟੀ ਦਾ ਇਕ Advisory;Board ਹੈ। ਪ੍ਰਿੰਸੀਪਲ ਗੁਰਮੁਖ ਸਿੰਘ ਜੀ ਇਸ ਦੇ ਚੇਅਰਮੈਨ ਹਨ। । ਇਹਨਾਂ ਵਲੋਂ ਰਿਪੋਰਟ ਅਗਲੇ ਪੰਨਿਆਂ ਤੋਂ ਪੜ੍ਹੋ ਜੀ।

## 19 ਕਨੂੰਨੀ ਸਲਾਹਕਾਰ।

ਸ. ਕੁਲਵੰਤ ਸਿੰਘ ਰਾਏ ਸਿੱਖ ਮਿਸ਼ਨਰੀ ਸੁਸਾਇਟੀ ਨੂੰ ਧਾਰਮਿਕ ਅਤੇ ਸਮਾਜਿਕ ਮਸਲਿਆਂ ਬਾਰੇ ਸਲਾਹ ਮਸ਼ਵਰਾ ਦੇਣ ਲਈ ਸਲਾਹ ਕਾਰ ਹਨ।

## ਸਿੱਖ ਕੌਂਸਲ ਯੂ. ਕੇ.

ਸਿੱਖ ਕੌਂਸਲ ਯੂ. ਕੇ. ਅਤੇ ਯੂਰਪ ਦੇ ਸਿੱਖਾਂ ਲਈ ਯਤਨਸ਼ੀਲ ਹੈ। ਗੋਰਮਿੰਟ ਨਾਲ ਇਸਦਾ ਪੂਰਾ ਤਾਲਮੇਲ ਹੈ। ਸੁਸਾਇਟੀ ਇਸ ਦੀ ਮੈਂਬਰ ਹੈ।

# ਮੈਂਬਰਸ਼ਿਪ ਅਤੇ ਆਫਿਸ ਕੰਮ

ਸੁਸਾਇਟੀ ਦੀ ਲਾਈਫ ਮੈਂਬਰਸ਼ਿਪ ਲਈ ਕੇਬਲ 50 ਪੌਂਡ ਲਏ ਜਾਂਦੇ ਹਨ। ਆਪ ਜੀ ਅਗੇ ਬੇਨਤੀ ਹੈ ਕਿ ਵੱਧ ਤੋਂ ਵੱਧ ਮੈਂਬਰ ਬਣਾਕੇ ਸੁਸਾਇਟੀ ਦੇ ਪਰਚਾਰ ਵਿਚ ਯੋਗਦਾਨ ਪਾਓ ਜੀ। ਹੁਣ ਤੱਕ ਕੁੱਲ 1450 ਮੈਂਬਰਜ ਹਨ ਅਤੇ 70 ਦੇ ਕਰੀਬ ਬਾਹਰਲੇ ਦੇਸ਼ਾਂ ਦੇ ਹਨ। ਬੇਨਤੀ ਹੈ ਕਿ ਆਪਣਾ ਐਡਰੈਸ ਬਦਲਨ ਤੇ ਆਪਣਾ ਪਤਾ ਪੋਸਟ ਕੋਡ ਸਮੇਤ ਠੀਕ ਕਰਾਓ ਆਪਣਾ ਈਮੇਲ ਪਤਾ ਭੇਜਣ ਦੀ ਕਿਰਪਾ ਕਰਨੀ ਜੀ।
ਅੰਮ੍ਰਿਤਪਾਲ ਸਿੰਘ ਜੀ, ਅਸਿਸਟੈਂਟ ਸਕੱਤਰ, ਚੈਰਿਟੀ ਕਮਿਸ਼ਨ, HMRC, ਇੰਸ਼ੋਰੈਂਸ ਕੰਪਨੀ ਅਤੇ ਬੈਂਕਾਂ ਆਦਿ ਨਾਲ ਚਿੱਠੀ ਪੱਤਰ ਦਾ ਸਾਰਾ ਕੰਮ ਕਰਦੇ ਹਨ।

# ਗੁਰਦਵਾਰਿਆਂ ਲਈ ਫਰੀ ਲਿਟਰੇਚਰ

ਸਿੱਖ ਮਿਸ਼ਨਰੀ ਸੁਸਾਇਟੀ ਵਲੋਂ ਹਮੇਸ਼ਾ ਮੁਫਤ ਲਿਟਰੇਚਰ ਵੰਡਿਆ ਜਾਂਦਾ ਹੈ

# ਅਕਾਊਂਟਸ।

ਕੈਸ਼ੀਅਰ ਦੀ ਸੇਵਾ ਸ. ਗੁਰਬਚਨ ਸਿੰਘ ਅਠਵਾਲ ਨੇ ਨਿਭਾਈ। ਫਰਵਰੀ 2020 ਤਕ ਸ. ਜਰਨੈਲ ਸਿੰਘ ਜੰਡੂ ਨੇ ਅਕਾਊਂਟ ਲਿਖਣ ਦਾ ਸਾਰਾ ਕੰਮ ਕੀਤਾ। ਸਾਲਾਨਾ ਅਕਾਉਂਟ ਦੀ ਰਿਪੋਰਟ ਸ. ਅਠਵਾਲ ਜੀ ਨੇ ਤਿਆਰ ਕੀਤੀ।
ਸ. ਹਰਬੰਸ ਸਿੰਘ ਕੁਲਾਰ ਨੇ ਇਸ ਵਿਚ ਪੂਰੀ ਮਦਦ ਕੀਤੀ। 2019 – 2020 ਦੀ ਰਿਪੋਰਟ ਆਪ ਜੀ ਅਗਲੇ ਪੰਨਿਆਂ ਤੇ ਦੇਖ ਸਕਦੇ ਹੋ। ਸਾਰੇ ਅਕਾਊਂਟ ਅਕਾਉਂਟੈਂਟਸ ਸ. ਕੁਲਦੀਪ ਸਿੰਘ, ਰਣਬੀਰ ਸਿੰਘ ਅਟਵਾਲ ਅਤੇ ਇੰਟਰਨਲ ਆਡੀਟਰਜ ਸ. ਅਵਤਾਰ ਸਿੰਘ ਬੁਟਰ ਤੇ ਲਾਲ ਸਿੰਘ ਰਾਏ ਨੇ ਚੈਕ ਕਰਕੇ ਪਾਸ ਕੀਤੇ। ਅਸੀਂ ਇਨ੍ਹਾਂ ਦੇ ਬਹੁਤ ਧੰਨਵਾਦੀ ਹਾਂ।
ਅੰਤ ਵਿੱਚ ਦਾਸ ਸਾਰੇ ਕਮੇਟੀ ਮੈਂਬਰਾਂ, ਟਰੱਸਟੀਆਂ, ਸਹਿਯੋਗੀਆਂ ਦਾ ਅਤੇ ਬਲਵਿੰਦਰ ਸਿੰਘ ਪੱਟੀ ਅਤੇ ਤੇਜਿੰਦਰ ਸਿੰਘ ਕਾਈ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਦਾਸ ਨੂੰ ਇਹ ਜਿਮੇਦਾਰੀ ਨਿਭਾਉਣ ਲਈ ਪੂਰਨ ਸਹਿਯੋਗ ਦਿੱਤਾ। ਭੁਲਾਂ ਬਖਸ਼ਾਉਣ ਲਈ ਅਤੇ ਅਗਾਂਹ ਨੂੰ ਹੋਰ ਚੰਗੀ ਤਰ੍ਹਾਂ ਸੇਵਾ ਕਰਨ ਲਈ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ।
ਸੇਵਕ
ਹਰਚਰਨ ਸਿੰਘ ਟਾਂਕ

# THE SIKH MISSIONARY SOCIETY

# 10 FEATHERSTONE ROAD


# SOUTHALL, MIDDLESEX UB2 5AA

## REPORT AND ACCOUNTS

## FOR THE YEAR ENDED 31 MARCH 2020

## EXECUTIVE COMMITTEE'S CERTIFICATE

We certify that the books, vouchers and information produced to our accountants, from which the attached accounts have been prepared, contain a full and correct record of our business transactions to the best of our knowledge.



Mr Harcharan Singh Taunque - General Secretary

Mr Gurbachan Singh Atwal - Treasurer

Mr Kuldip Singh - External Auditor

Mr Avtar Singh Buttar - Internal Auditor

Mr Lal Singh Rai - Internal Auditor

# THE SIKH MISSIONARY SOCIETY
# 10 FEATHERSTONE ROAD
# SOUTHALL, MIDDLESEX UB2 5AA

## INCOME AND EXPENDITURE ACCOUNT FOR THE YEAR ENDED 31 MARCH 2020

| | 2020 | | 2019 | |
|---|---|---|---|---|
| | £ | £ | £ | £ |
| **Income** | | | | |
| Books | | 22,570 | | 23,580 |
| Artefacts, Turbans and Kasheras | | 10,333 | | 11,711 |
| Opening stocks | 31,750 | | 35,450 | |
| Books | 5,456 | | 17,117 | |
| Artefacts, Turbans and Kasheras | 2,572 | | 4,452 | |
| | 39,778 | | 57,019 | |
| Closing stocks | 18,750 | | 31,750 | |
| | | 21,028 | | 25,269 |
| **Gross profit** | | 11,875 | | 10,022 |
| Bank interest receivable | | 392 | | 153 |
| Donations and Building Fund | | 97,896 | | 80,463 |
| Tax refund | | 18,454 | | 17,007 |
| **Total income** | | 128,617 | | 107,645 |
| **Administration expenses:** | | | | |
| Light, heat and water rates | 14,088 | | 15,724 | |
| Repairs & Security maintenance | 21,873 | | 4,323 | |
| Building Hygiene | 4,501 | | 4,637 | |
| Punjabi classes | 6,500 | | 8,145 | |
| General wages | 33,055 | | 19,945 | |
| Insurance | 2,015 | | 3,367 | |
| Gurmat Camp | (194) | | 3,508 | |
| Postage and stationary | 1,622 | | 2,407 | |
| Pingal wara | 279 | | 385 | |
| SMS activities | 6,065 | | 3,062 | |
| Telephone | 1,512 | | 1,191 | |
| Sikh Council | - | | 500 | |
| Bank charges | 75 | | 43 | |
| Depreciation | 1,389 | | 1,813 | |
| | | 92,780 | | 69,050 |
| **Total expenses** | | 92,780 | | 69,050 |
| **Net income for the year** | | £ 35,837 | | £ 38,595 |

**THE SIKH MISSIONARY SOCIETY**
**10 FEATHERSTONE ROAD**
**SOUTHALL, MIDDLESEX UB2 5AA**

## BALANCE SHEET AT 31 MARCH 2020

| | Note | 2020 £ | 2020 £ | 2019 £ | 2019 £ |
|---|---|---|---|---|---|
| **Fixed assets:** | | | | | |
| Tangible assets | 1 | | 843,674 | | 845,063 |
| **Current assets:** | | | | | |
| Stock | | 18,750 | | 31,750 | |
| Cash at bank | | 246,440 | | 195,519 | |
| Cash in hand | | 452 | | 1,147 | |
| | | 265,642 | | 228,416 | |
